SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 23* Issue 155 | Monday, 26 August 2024 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਮੋਟਰਸਾਈਕਲ ਸਵਾਰ ਨੇ ਪੁਲਿਸ ਅਧਿਕਾਰੀ ਨੂੰ ਮਾਰੀ ਟੱਕਰ, ਗੰਭੀਰ ਜ਼ਖਮੀ, ਮੁਲਜ਼ਮ ਦੀ ਭਾਲ ਜਾਰੀ



ਟੋਰਾਂਟੋ, 25 ਅਗਸਤ (ਪੋਸਟ ਬਿਊਰੋ): ਟੋਰਾਂਟੋ ਪੁਲਿਸ ਇੱਕ ਮੋਟਰਸਾਈਕਲ ਸਵਾਰ ਦੀ ਭਾਲ ਕਰ ਰਹੀ ਹੈ, ਜਿਸਦੇ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਉਸਨੇ ਸ਼ਨੀਵਾਰ ਸ਼ਾਮ ਨੂੰ ਰੋਜਰਸ ਸੈਂਟਰ ਕੋਲ ਉਸਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਇੱਕ ਅਧਿਕਾਰੀ ਨੂੰ ਟੱਕਰ ਮਾਰ ਦਿੱਤੀ ਅਤੇ ਗੰਭੀਰ ਜਖ਼ਮੀ ਕਰ ਦਿੱਤਾ। ਟੱਕਰ ਸ਼ਾਮ 6 ਵਜੇ ਆਸਪਾਸ ਬਰੇਮਰ ਬੁਲੇਵਾਰਡ ਅਤੇ ਰੀਸ ਸਟਰੀਟ 'ਤੇ ਹੋਈ।

ਪੁਲਿਸ ਨੇ ਕਿਹਾ ਕਿ ਟੱਕਰ ਤੋਂ ਪਹਿਲਾਂ ਲੇਕ ਸ਼ੋਰ ਬੁਲੇਵਾਰਡ ਏਵੇਨਿਊ ਵੇਸਟ ਅਤੇ ਰੀਸ ਸਟਰੀਟ ਇਲਾਕੇ ਵਿੱਚ ਇੱਕ ਮੋਟਰਸਾਈਕਲ ਨੂੰ ਪਾਪਿੰਗ ਵਹੀਲੀਜ਼ ਕਰਦੇ ਹੋਏ ਵੇਖਿਆ ਗਿਆ ਸੀ।

ਪੁਲਿਸ ਨੇ ਕਿਹਾ ਕਿ ਕੁੱਝ ਹੀ ਦੇਰ ਵਿੱਚ ਇੱਕ ਅਧਿਕਾਰੀ ਨੇ ਮੋਟਰਸਾਈਕਲ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਟੱਕਰ ਦੀ ਚਪੇਟ 'ਚ ਆ ਗਿਆ। ਇਸਤੋਂ ਬਾਅਦ ਮੋਟਰਸਾਈਕਲ ਸਵਾਰ ਮੌਕੇ ਤੋਂ ਭੱਜ ਗਿਆ। ਇਹ ਪਤਾ ਨਹੀਂ ਹੈ ਕਿ ਮੋਟਰਸਾਈਕਲ ਸਵਾਰ ਨੂੰ ਆਖਰੀ ਵਾਰ ਕਿਸ ਦਿਸ਼ਾ ਵਿੱਚ ਜਾਂਦੇ ਹੋਏ ਵੇਖਿਆ ਗਿਆ ਸੀ।

ਅਧਿਕਾਰੀ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ। ਡਿਊਟੀ ਇੰਸਪੈਕਟਰ ਸਕਾਟ ਸ਼ਟ ਨੇ ਕਿਹਾ ਕਿ ਅਧਿਕਾਰੀ ਹੁਣ ਖਤਰੇ ਤੋਂ ਬਾਹਰ ਹੈ।

## ਨਿਊ ਬ੍ਰੰਸਵਿਕ ਦੇ 19 ਸਾਲਾ ਲੜਕੇ ਦੀ ਦੋ ਵਾਹਨਾਂ ਦੀ ਟੱਕਰ ਵਿਚ ਮੌਤ




ਅਟਲਾਂਟਿਕ, 25 ਅਗਸਤ (ਪੋਸਟ ਬਿਊਰੋ): ਨਿਊ ਬ੍ਰੰਸਵਿਕ ਦੇ 19 ਸਾਲਾ ਲੜਕੇ ਦੀ ਸ਼ੁੱਕਰਵਾਰ ਰਾਤ ਨੂੰ ਪੋਂਟ-ਲਾਫਰੇਂਸ, ਐੱਨ. ਬੀ. ਵਿੱਚ ਦੋ ਵਾਹਨਾਂ ਦੀ ਟੱਕਰ ਵਿੱਚ ਮੌਤ ਹੋ ਗਈ।

ਨਿਊ ਬ੍ਰੰਸਵਿਕ ਆਰਸੀਐੱਮਪੀ ਨੇਂ ਸ਼ਨੀਵਾਰ ਨੂੰ ਇਕ ਪ੍ਰੈੱਸ ਰਿਲੀਜ਼ ਵਿੱਚ ਕਿਹਾ ਗਿਆ ਹੈ ਕਿ ਟਰੈਕੇਡੀ ਅਤੇ ਨੇਗੁਆਕ ਡਿਟੇਚਮੇਂਟ ਦੇ ਮੈਂਬਰਾਂ ਨੇ ਸ਼ੁੱਕਰਵਾਰ ਸ਼ਾਮ 6:45 ਵਜੇ ਟੱਕਰ ਦੀ ਰਿਪੋਰਟ 'ਤੇ ਕਾਰਵਾਈ ਕੀਤੀ।

ਇਹ ਦੁਰਘਟਨਾ ਪੋਂਟ-ਲਾਫਰੇਂਸ ਵਿੱਚ ਹਾਈਵੇਅ 370 'ਤੇ ਇੱਕ ਟਰੱਕ ਅਤੇ ਇੱਕ ਕਾਰ ਵਿੱਚਕਾਰ ਹੋਈ, ਜੋਕਿ ਏਕੇਡੀਅਨ ਟਾਪੂ 'ਤੇ ਉੱਤਰੀ ਨਿਊ ਬ੍ਰੰਸਵਿਕ ਵਿੱਚ ਸਥਿਤ ਹੈ।

ਕਾਰ ਚਾਲਕ, ਹੌਟ-ਰਿਵਿਏਰ-ਡੁ-ਪੋਰਟੇਜ ਦਾ ਨਿਵਾਸੀ ਸੀ, ਜੋ ਵਾਹਨ ਵਿੱਚ ਇਕੱਲਾ ਸਵਾਰ ਸੀ। ਉਸਨੂੰ ਹਸਪਤਾਲ ਲਿਜਾਇਆ ਗਿਆ ਪਰ ਬਾਅਦ ਵਿੱਚ ਉਸਦੀ ਮੌਤ ਹੋ ਗਈ।

ਆਰਸੀਐੱਮਪੀ ਅਨੁਸਾਰ ਟਰੱਕ ਚਾਲਕ ਅਤੇ ਇਕੱਲੇ ਸਵਾਰ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਟਰੈਕੇਡੀ ਫਾਇਰ ਡਿਪਾਰਟਮੈਂਟ ਅਤੇ ਐਂਬੂਲੈਂਸ ਨਿਊ ਬ੍ਰੰਸਵਿਕ ਦੇ ਮੈਂਬਰ ਵੀ ਘਟਨਾ ਸਥਾਨ 'ਤੇ ਮੌਜੂਦ ਸਨ।ਆਰਸੀਐੱਮਪੀ ਦੇ ਇੱਕ ਟਕਰਾਓ ਪੁਨਰਨਿਰਮਾਣ ਮਾਹਰ ਅਤੇ ਪ੍ਰਾਂਤ ਦੇ ਕੋਰੋਨਰ ਦਫ਼ਤਰ ਦਾ ਇੱਕ ਮੈਂਬਰ ਚੱਲ ਰਹੀ ਜਾਂਚ ਵਿੱਚ ਸਹਾਇਤਾ ਕਰ ਰਹੇ ਹਾਂ ।

## ਹਜ਼ਾਰਾਂ ਇਜ਼ਰਾਈਲੀ ਆਏ ਨੇਤਨਯਾਹੂ ਦੇ ਵਿਰੋਧ 'ਚ, ਜੰਗਬੰਦੀ ਅਤੇ ਚੋਣਾਂ ਦੀ ਮੰਗ



ਯੇਰੂਸ਼ਲਮ, 25 ਅਗਸਤ (ਪੋਸਟ ਬਿਊਰੋ): ਇਜ਼ਰਾਈਲ 'ਚ ਸ਼ਨੀਵਾਰ ਨੂੰ ਹਜ਼ਾਰਾਂ ਲੋਕ ਚੋਣਾਂ ਦੀ ਮੰਗ ਨੂੰ ਲੈ ਕੇ ਸੜਕਾਂ 'ਤੇ ਉਤਰ ਆਏ। ਲੋਕਾਂ ਨੇ ਨੇਤਨਯਾਹੂ ਸਰਕਾਰ 'ਤੇ ਬੰਧਕਾਂ ਨੂੰ ਬਚਾਉਣ 'ਚ ਨਾਕਾਮ ਰਹਿਣ ਦਾ ਦੋਸ਼ ਲਗਾਇਆ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਪ੍ਰਧਾਨ ਮੰਤਰੀ ਨੇਤਨਯਾਹੂ ਤੋਂ ਬੰਧਕਾਂ ਨੂੰ ਵਾਪਿਸ ਲਿਆਉਣ ਅਤੇ ਜੰਗਬੰਦੀ ਸਮਝੌਤੇ 'ਤੇ ਪਹੁੰਚਣ ਦੀ ਮੰਗ ਵੀ ਕੀਤੀ।

ਦਿ ਟਾਈਮਜ਼ ਆਫ਼ ਇਜ਼ਰਾਈਲ ਅਨੁਸਾਰ, ਲੜਾਈ ਵਿੱਚ ਮਾਰੇ ਗਏ ਬੰਧਕਾਂ ਦੇ ਪਰਿਵਾਰਾਂ ਨੇ ਤਲਅਵੀਵ ਵਿੱਚ ਇੱਕ ਪ੍ਰਦਰਸ਼ਨ ਦੌਰਾਨ ਨੇਤਨਯਾਹੂ 'ਤੇ ਦੋਸ਼ ਲਗਾਇਆ ਕਿ ਜੇਕਰ ਉਹ ਚਾਹੁੰਦੇ ਤਾਂ ਉਹ ਉਨ੍ਹਾਂ ਨੂੰ ਬਚਾ ਸਕਦੇ ਸਨ।

ਇਜ਼ਰਾਈਲੀ ਫੌਜ ਨੇ ਮੰਗਲਵਾਰ (20 ਅਗਸਤ) ਨੂੰ ਗਾਜ਼ਾ ਤੋਂ 6 ਬੰਧਕਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ। ਇਹ ਪ੍ਰਦਰਸ਼ਨ ਉਨ੍ਹਾਂ ਦੇ ਪਰਿਵਾਰਾਂ ਦੀ ਅਗਵਾਈ ਵਿੱਚ ਹੋਇਆ। ਯੇਰੂਸ਼ਲਮ ਵਿੱਚ ਪ੍ਰਦਰਸ਼ਨਾਂ ਦੌਰਾਨ ਤਿੰਨ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ।

MagGas Medical Brampton
MGM MAGGAS MEDICAL INC.
Helping you breathe deep and rest easy.
(647) 954-9885
20 Maritime Ont Blvd Unit 15
Brampton, ON L6S 0C2

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

ਨਵਾਂ ਘਾਹ ਲਵਾਉ | 647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

ASIAN FOOD CENTRE RAKHI Sale
Aug 15 to Aug 26, 2024
SWARNA WHOLE WHEAT ATTA $9.99 EA Reg $12.99 20Lb
DEEP MULTIGRAIN ATTA $8.99 EA Reg $10.99 10Lb
ASHIRVAAD WHOLE WHEAT ATTA $16.99 EA Reg $19.99 20Lb
DEEP KESAR MANGO PULP $3.49 EA Reg $4.49
ROYAL BASMATI RICE $11.99 EA Reg $12.99 10Lb
LAXMI EXTRA LONG RICE $9.99 EA Reg $12.99 10Lb
DAAWAT RICE $11.99 EA Reg $13.99 4kg
DEEP DOSA / MEDU VADA / IDLI $2.99 EA Reg $3.79
NANAK PANEER $4.99 EA Reg $6.49 341g
PHAGWARA BROWN SUGAR $10.99 EA Reg $12.99 10Lb
BRU COFFEE $5.49 EA Reg $8.99 200g
WAGHBAKRI TEA $10.99 EA Reg $11.99 1kg
DEEP FAMILY PACK PARATHA $8.99 EA Reg $9.99 Aloo Paneer Laccha
NANAK DESI GHEE $25.99 EA Reg $28.99 1.6kg
HR FAMILY PACK NAAN $5.99 EA Reg $8.99 15Pcs
ANNA BYTES MEDU VADA $7.99 EA Reg $9.99 24Pcs
HR SOAN PAPDI $1.49 EA Reg $3.29 250g
POPULAR SAMOSA/ SPRING ROLL $2.49 EA Reg $3.99 400g
TEZ MUSTARD OIL $5.49 EA Reg $7.99 950ml
AASHIRVAAD PANEER PARATHA $1.99 EA Reg $2.49
SAVERA DESI GHEE $24.99 EA Reg $29.99 1.6kg
PAKISTANI ROOHAFZA $4.49 EA Reg $5.99
BR EGGLESS CAKE $2.99 EA Reg $4.49 550g
BR SUJI RUSK / MILK RUSK $1.99 EA Reg $2.49 280g 305g
POPULAR PARATHA $7.99 EA Reg $9.99 25Pcs
BAMBINO SOYA CHUNKS $1.29 EA Reg $1.99 220g
BR PUNJABI COOKIES $2.99 EA Reg $4.49 620g
BR GOODDDAY COOKIES 3 For $2.00 EA Reg $1.99 75g
POPULAR PARATHA $3.29 Reg $3.99 960g
SAVERA KHOYA $5.99 EA Reg $7.99 341g
THAKAR ASST PARATHA $1.49 EA Reg $2.49 400g
THAKAR TANDOORI & GARLIC NAAN $2.29 EA Reg $3.49
THAKAR VEG MOMOS $10.99 EA Reg $12.99 800g
BIKANERI COOKIES $6.49 EA Reg $7.99 2.5Lb
DEEP ALOO TIKKI / SPICY BURGER $3.29 EA Reg $3.99 400g
ASIAN MOTH WHOLE $6.99 EA Reg $7.99 4Lb
ASIAN KALA CHANA $4.99 EA Reg $6.99 4Lb
ALMOND $5.49 EA Reg $6.99 per/Lb
Deep Tandoori & Garlic Naan $2.79 Reg $3.49 333g
TASTY GUR RUSK $2.49 EA Reg $3.29 400g
AFC MUMRA $7.99 EA Reg $9.99 4Lb
SAVERA RASMALAI $7.99 EA Reg $8.99
ETOBICOKE 10 Westmore Dr. 416-740-3262 MEAT SHOP AVAILABLE
MISSISSAUGA 1075 Ceremonial Dr 905-502-1600 MEAT SHOP AVAILABLE
BRAMPTON 621 Wanless Dr. 905-495-3336 MEAT SHOP AVAILABLE
BRAMPTON 2120 N Park Dr. 905-793-1338 MEAT SHOP AVAILABLE
BRAMPTON 80 Pertosa Dr. 905-460-0009
BRAMPTON 40 Airport RD & 905-794-8109 MEAT SHOP AVAILABLE
BRAMPTON 10510 Torbram Rd.
BRAMPTON 10 Pannahill Dr. 905-913-8017 MEAT SHOP AVAILABLE
TOLL FREE 1-800-708-9232
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media

## ਅੱਜ ਨਾਮਾ

ਛੁਡਾ ਗਿਆ ਹੱਥ ਸੁਖਬੀਰ ਦਾ ਹੋਰ ਆੜੀ,
ਲੱਗ ਗਿਆ ਪਾਰਟੀ ਨੂੰ ਝਟਕਾ ਹੋਰ ਬੇਲੀ।
ਸੁਣਿਆ ਪਲਾਂ ਵਿੱਚ ਗਿਆ ਖਿਸਕਾ ਕੰਨੀਂ,
ਲਾਇਆ ਰੋਕਣ ਨੂੰ ਬਹੁਤ ਸੀ ਜ਼ੋਰ ਬੇਲੀ।
ਮਿੱਤਰ ਛੱਡਣ ਨੂੰ ਸੁਣੇ ਕਈ ਹੋਰ ਕਾਹਲੇ,
ਹੱਥਾਂ ਤੋਂ ਖਿਸਕ ਰਹੀ ਜਾਪਦੀ ਡੋਰ ਬੇਲੀ।
ਲਾਉਣਾ ਬਾਹਰ ਤੋਂ ਕਿਸੇ ਨੇ ਜ਼ੋਰ ਕਾਹਦਾ,
ਆਪਣੀ ਬੁੱਕਲ ਦੇ ਅੰਦਰ ਹਨ ਚੋਰ ਬੇਲੀ।
’ਕੱਤੀ ਅਗਸਤ ਦਾ ਆ ਗਿਆ ਦਿਨ ਲਾਗੇ,
ਨਿੱਤ ਦਿਨ ਉੱਠਣ ਬਖੇੜੇ ਪਏ ਖੜੇ ਬੇਲੀ।
ਆਪਣੇ ਖਿਸਕਦੇ ਬਾਹਰ ਵੱਲ ਯਾਰ ਜਾਂਦੇ,
ਆਪਣੇ ਵਿਹੜੇ ਕੋਈ ਨਵਾਂ ਨਾ ਵੜੇ ਬੇਲੀ।

**ਤੀਸ ਮਾਰ ਖਾਂ**

# ਦੇਸਨਿਕਾਲੇ ਦੇ ਹੁਕਮ ਤੋਂ ਇੱਕ ਦਿਨ ਪਹਿਲਾਂ ਕੀਨੀਆ ਦੇ ਵਿਅਕਤੀ ਨੂੰ ਅਸਥਾਈ ਨਿਵਾਸ ਦੀ ਮਿਲੀ ਆਗਿਆ

ਟੋਰਾਂਟੋ, 25 ਅਗਸਤ (ਪੋਸਟ ਬਿਊਰੋ): ਕੀਨੀਆ ਵਿੱਚ ਨਿਰਵਾਸਤ ਕੀਤੇ ਜਾਣ ਵਲੋਂ ਇੱਕ ਦਿਨ ਪਹਿਲਾਂ , ਚਾਰਲਸ ਮਵਾਂਗੀ ਨੂੰ ਅਸਥਾਈ ਨਿਵਾਸ ਦੀ ਆਗਿਆ ਮਿਲ ਗਈ ਹੈ।

48 ਸਾਲਾ ਮਵਾਂਗੀ ਪੰਜ ਸਾਲ ਪਹਿਲਾਂ ਸ਼ੋਸ਼ਣ ਤੋਂ ਬਚਣ ਲਈ ਆਪਣੇ ਘਰ ਤੋਂ ਭੱਜਕੇ ਕੈਨੇਡਾ ਚਲੇ ਗਏ ਸਨ, ਕਿਉਂਕਿ ਉਹ ਸਮਲਿੰਗੀ ਹੈ ਅਤੇ ਕੀਨੀਆ ਨੇ ਸਮਲੈਂਗਿਕ ਸਬੰਧਾਂ ਨੂੰ ਅਪਰਾਧ ਘੋਸ਼ਿਤ ਕਰ ਦਿੱਤਾ ਹੈ।

ਵਿਰੋਧ ਪ੍ਰਦਰਸ਼ਨ, ਪਟੀਸ਼ਨ ਦਰਜ ਕਰਨ ਅਤੇ ਸੰਯੁਕਤ ਰਾਸ਼ਟਰ ਮਨੁੱਖ ਅਧਿਕਾਰ ਕਮੇਟੀ ਸਾਹਮਣੇ ਐਮਰਜੈਂਸੀ ਅਰਜ਼ੀ ਦਾਖਲ ਕਰਨ ਤੋਂ ਬਾਅਦ, ਮਵਾਂਗੀ ਨੂੰ ਇੰਮੀਗਰੇਸ਼ਨ, ਰਫਿਊਜ਼ੀ ਐਂਡ ਸਿਟੀਜਨਸ਼ਿਪ ਕੈਨੇਡਾ ਵੱਲੋਂ ਇੱਕ ਸਾਲ ਦਾ ਅਸਥਾਈ ਨਿਵਾਸ ਪਰਮਿਟ ਦਿੱਤਾ ਗਿਆ ਹੈ।

ਮਵਾਂਗੀ ਨੇ ਸ਼ਨੀਵਾਰ ਨੂੰ ਕਿਹਾ ਕਿ ਅੱਜ ਮੈਂ ਬਹੁਤ ਖੁਸ਼ ਹਾਂ, ਅਸੀਂ ਜਿੱਤ ਗਏ ਹਾਂ। ਮੇਰਾ ਦੇਸਨਿਕਾਲਾ ਰੱਦ ਕਰ ਦਿੱਤਾ ਗਿਆ ਹੈ ਅਤੇ ਮੈਂ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਜੋ ਵੀ ਵਿਅਕਤੀ ਬਿਨ੍ਹਾਂ ਦਸਤਾਵੇਜ਼ ਦੇ ਹੈ, ਉਸ ਨੂੰ ਰੈਗੂਲਰ ਕੀਤਾ ਜਾਵੇ, ਕਿਉਂਕਿ ਇਹ ਮਜਾਕ ਨਹੀਂ ਹੈ, ਇਹ ਇੱਕ ਬੁਰੇ ਸੁਪਨਾ ਹੈ। ਉਨ੍ਹਾਂ ਨੂੰ ਐਤਵਾਰ ਦੀ ਸਵੇਰੇ ਦੇਸਨਿਕਾਲਾ ਕੀਤਾ ਜਾਣਾ ਸੀ।



# ਪਾਕਿਸਤਾਨ ’ਚ ਦੋ ਬੱਸ ਹਾਦਸਿਆਂ ’ਚ 36 ਯਾਤਰੀਆਂ ਦੀ ਮੌਤ, 30 ਤੋਂ ਵੱਧ ਜ਼ਖਮੀ

ਇਸਲਾਮਾਬਾਦ, 25 ਅਗਸਤ (ਪੋਸਟ ਬਿਊਰੋ): ਪਾਕਿਸਤਾਨ ਵਿੱਚ ਐਤਵਾਰ ਨੂੰ ਦੋ ਵੱਖ-ਵੱਖ ਬੱਸ ਹਾਦਸਿਆਂ ਵਿੱਚ 36 ਲੋਕਾਂ ਦੀ ਮੌਤ ਹੋ ਗਈ। ਦੋਵਾਂ ਹਾਦਸਿਆਂ ਵਿੱਚ 36 ਲੋਕ ਜ਼ਖ਼ਮੀ ਵੀ ਹੋਏ ਹਨ।

ਜਾਣਕਾਰੀ ਮੁਤਾਬਕ ਕਹੂਟਾ ਤੋਂ ਰਾਵਲਪਿੰਡੀ ਜਾ ਰਹੀ ਬੱਸ ਬ੍ਰੇਕ ਫੇਲ੍ਹ ਹੋਣ ਕਾਰਨ ਖਾਈ 'ਚ ਡਿੱਗ ਗਈ। ਇਸ ਬੱਸ 'ਚ 26 ਯਾਤਰੀ ਸਵਾਰ ਸਨ, ਜਿਨ੍ਹਾਂ 'ਚੋਂ 25 ਦੀ ਮੌਤ ਹੋ ਗਈ ਹੈ ਅਤੇ ਇਕ ਹੋਰ ਜ਼ਖਮੀ ਹੈ। ਇਹ ਹਾਦਸਾ ਪਾਕਿਸਤਾਨ ਦੇ ਪੰਜਾਬ ਸੂਬੇ 'ਚ ਕਹੂਟਾ ਆਜ਼ਾਦ ਪੱਤਨ ਰੋਡ 'ਤੇ ਗਿਰਾਰੀ ਪੁਲ 'ਤੇ ਵਾਪਰਿਆ।

ਦੂਜਾ ਹਾਦਸਾ ਬਲੋਚਿਸਤਾਨ ਦੇ ਮਕਰਾਨ ਹਾਈਵੇਅ 'ਤੇ ਬੁਜੀ ਟਾਪ ਨੇੜੇ ਵਾਪਰਿਆ। ਇੱਥੇ ਇੱਕ ਬੱਸ ਤੇਜ਼ ਰਫਤਾਰ ਕਾਰਨ ਪਲਟ ਗਈ। ਇਸ ਹਾਦਸੇ 'ਚ 11 ਯਾਤਰੀਆਂ ਦੀ ਮੌਤ ਹੋ ਗਈ ਅਤੇ 35 ਜ਼ਖਮੀ ਹੋ ਗਏ। ਬੱਸ 'ਚ 60 ਯਾਤਰੀ ਸਵਾਰ ਸਨ, ਜਿਨ੍ਹਾਂ 'ਚੋਂ 4 ਹਾਲੇ ਵੀ ਫਸੇ ਹੋਏ ਹਨ। ਪੁਲਿਸ ਕਰੇਨ ਦੀ ਮਦਦ ਨਾਲ ਫਸੇ ਯਾਤਰੀਆਂ ਨੂੰ ਕੱਢਣ ਦੀ ਕੋਸ਼ਿਸ਼ ਕਰ ਰਹੀ ਹੈ।



# ਭਾਰਤ-ਪਾਕਿ ਸਰਹੱਦ ’ਤੇ ਤਾਇਨਾਤੀ ਵਧਾਉਣ ਦੀ ਤਿਆਰੀ ਵਿਚ ਬੀਐੱਸਐੱਫ

ਅੰਮ੍ਰਿਤਸਰ, 25 ਅਗਸਤ (ਪੋਸਟ ਬਿਊਰੋ): ਪੰਜਾਬ ਵਿੱਚ ਸੀਮਾ ਸੁਰੱਖਿਆ ਬਲ (ਬੀ.ਐੱਸ.ਐੱਫ.) ਨਸ਼ੇ, ਗੋਲਾ ਬਾਰੂਦ ਦੀ ਤਸਕਰੀ ਅਤੇ ਘੁਸਪੈਠ ਨੂੰ ਰੋਕਣ ਲਈ ਚੌਕਸੀ ਵਧਾਉਣ ਦੀ ਤਿਆਰੀ ਕਰ ਰਹੀ ਹੈ। ਪਠਾਨਕੋਟ ਇਲਾਕੇ ਤੋਂ ਅੱਤਵਾਦੀਆਂ ਦੀ ਘੁਸਪੈਠ ਦੀਆਂ ਅਟਕਲਾਂ ਤੋਂ ਬਾਅਦ ਹੁਣ ਬੀਐੱਸਐੱਫ ਸੰਵੇਦਨਸ਼ੀਲ ਖੇਤਰਾਂ ਵਿੱਚ ਆਪਣੇ ਜਵਾਨਾਂ ਦੀ ਗਿਣਤੀ ਵਧਾ ਸਕਦੀ ਹੈ। ਇਨਾ ਹੀ ਨਹੀਂ ਸਰਹੱਦ 'ਤੇ ਮਾਊਂਟ ਸੈਨਿਕਾਂ ਨੂੰ ਤਾਇਨਾਤ ਕਰਨ 'ਤੇ ਵੀ ਵਿਚਾਰ ਚੱਲ ਰਿਹਾ ਹੈ।

ਜਿਸ ਤਰ੍ਹਾਂ ਰਾਜਸਥਾਨ-ਪਾਕਿਸਤਾਨ ਸਰਹੱਦ 'ਤੇ ਫ਼ੌਜੀ ਊਠਾਂ 'ਤੇ ਗਸ਼ਤ ਕਰਦੇ ਹਨ, ਉਸੇ ਤਰ੍ਹਾਂ ਪੰਜਾਬ ਸਰਹੱਦ 'ਤੇ ਘੋੜਿਆਂ 'ਤੇ ਸਵਾਰ ਫ਼ੌਜੀ ਤਿਆਰ ਕੀਤੇ ਜਾ ਰਹੇ ਹਨ। ਇਸ ਲਈ ਮਹਿਲਾ ਸੈਨਿਕਾਂ ਦੀ ਇਕ ਯੂਨਿਟ ਨੂੰ ਵਿਸ਼ੇਸ਼ ਸਿਖਲਾਈ ਵੀ ਦਿੱਤੀ ਜਾ ਰਹੀ ਹੈ। ਪਠਾਨਕੋਟ 'ਚ ਪਾਕਿਸਤਾਨੀ ਅੱਤਵਾਦੀਆਂ ਦੀ ਘੁਸਪੈਠ ਦੀ ਸੂਚਨਾ ਮਿਲਣ ਤੋਂ ਬਾਅਦ ਘੁਸਪੈਠ ਨੂੰ ਰੋਕਣ ਲਈ ਗੁਰਦਾਸਪੁਰ ਸੈਕਟਰ 'ਚ ਹੋਰ ਜਵਾਨ ਤਾਇਨਾਤ ਕੀਤੇ ਗਏ ਸਨ।



# ਭੁੱਖ ਤੇ ਪਿਆਸ ਨਾਲ ਸਾਊਦੀ ’ਚ ਭਾਰਤੀ ਨੌਜਵਾਨ ਅਤੇ ਉਸ ਦੇ ਸਾਥੀ ਦੀ ਮੌਤ

## ਰੇਗਿਸਤਾਨ 'ਚ ਭਟਕ ਗਏ ਸਨ ਅਤੇ ਗੱਡੀ ’ਚ ਹੋ ਗਿਆ ਸੀ ਤੇਲ ਖਤਮ

ਰਿਆਦ, 25 ਅਗਸਤ (ਪੋਸਟ ਬਿਊਰੋ): ਸਾਊਦੀ ਅਰਬ 'ਚ ਕੰਮ ਕਰਦੇ 27 ਸਾਲਾ ਭਾਰਤੀ ਨੌਜਵਾਨ ਮੁਹੰਮਦ ਸ਼ਹਿਜ਼ਾਦ ਖਾਨ ਅਤੇ ਉਸ ਦੇ ਸਾਥੀ ਦੀ ਮੌਤ ਹੋ ਗਈ ਹੈ। ਤੇਲੰਗਾਨਾ ਦਾ ਰਹਿਣ ਵਾਲਾ ਸ਼ਹਿਜ਼ਾਦ ਅਤੇ ਉਸ ਦਾ ਸਾਥੀ ਸਾਊਦੀ ਰੇਗਿਸਤਾਨ ਰੁਬ-ਅਲ ਖਲੀ 'ਚ ਫਸ ਗਏ ਸਨ। ਇਸ ਨੂੰ ਦੁਨੀਆਂ ਦੀਆਂ ਸਭ ਤੋਂ ਖਤਰਨਾਕ ਥਾਂਵਾਂ ਵਿੱਚੋਂ ਇੱਕ ਕਿਹਾ ਜਾਂਦਾ ਹੈ।

ਜਾਣਕਾਰੀ ਮੁਤਾਬਕ ਸ਼ਹਿਜ਼ਾਦ ਸੂਡਾਨ ਤੋਂ ਆਪਣੇ ਇਕ ਦੋਸਤ ਨਾਲ ਇਸ ਇਲਾਕੇ 'ਚੋਂ ਲੰਘ ਰਿਹਾ ਸੀ। ਰਸਤੇ ਵਿੱਚ ਉਨ੍ਹਾਂ ਦਾ ਜੀਪੀਐੱਸ ਸਿਗਨਲ ਫੇਲ੍ਹ ਹੋ ਗਿਆ। ਕੁਝ ਸਮੇਂ ਬਾਅਦ ਉਸ ਦੀ ਕਾਰ ਦਾ ਤੇਲ ਅਤੇ ਫੋਨ ਦੀ ਬੈਟਰੀ ਵੀ ਖਤਮ ਹੋ ਗਈ, ਜਿਸ ਕਾਰਨ ਉਹ ਕਿਸੇ ਤੋਂ ਮਦਦ ਨਹੀਂ ਮੰਗ ਸਕੇ।

ਸ਼ਹਿਜ਼ਾਦ ਅਤੇ ਉਸਦਾ ਦੋਸਤ ਲੰਬੇ ਸਮੇਂ ਤੱਕ ਪਾਣੀ ਜਾਂ ਭੋਜਨ ਤੋਂ ਬਿਨ੍ਹਾਂ ਰੇਗਿਸਤਾਨ ਦੀ ਭਿਆਨਕ ਗਰਮੀ ਵਿੱਚ ਫਸੇ ਰਹੇ। ਭੁੱਖ ਅਤੇ ਪਿਆਸ ਕਾਰਨ ਉਨ੍ਹਾਂ ਦੀ ਸਿਹਤ ਵਿਗੜ ਗਈ ਅਤੇ ਦੋਨਾਂ ਦੀ ਮੌਤ ਹੋ ਗਈ। ਸ਼ਹਿਜ਼ਾਦ ਅਤੇ ਉਸ ਦੇ ਦੋਸਤ ਦੀਆਂ ਲਾਸ਼ਾਂ ਚਾਰ ਦਿਨ ਬਾਅਦ 22 ਅਗਸਤ ਨੂੰ ਰੇਗਿਸਤਾਨ ਵਿੱਚ ਉਨ੍ਹਾਂ ਦੀ ਗੱਡੀ ਦੇ ਨੇੜੇ ਮਿਲੀਆਂ ਸਨ। ਸ਼ਹਿਜ਼ਾਦ ਪਿਛਲੇ ਤਿੰਨ ਸਾਲਾਂ ਤੋਂ ਸਾਊਦੀ ਅਰਬ ਵਿੱਚ ਇੱਕ ਟੈਲੀ-ਕਮਿਊਨੀਕੇਸ਼ਨ ਕੰਪਨੀ ਵਿੱਚ ਕੰਮ ਕਰ ਰਿਹਾ ਸੀ।



# ਹਿਜ਼ਬੁੱਲਾ ਨੇ ਇਜ਼ਰਾਈਲ 'ਤੇ 320 ਰਾਕੇਟ ਦਾਗੇ, 11 ਫੌਜੀ ਠਿਕਾਣਿਆਂ ਨੂੰ ਬਣਾਇਆ ਨਿਸ਼ਾਨਾ, ਇਜ਼ਰਾਈਲ ਨੇ ਕੀਤੀ ਜਵਾਬੀ ਕਾਰਵਾਈ

ਤਲਅਵੀਵ, 25 ਅਗਸਤ (ਪੋਸਟ ਬਿਊਰੋ): ਲੇਬਨਾਨ ਤੋਂ ਅਪਰੇਟ ਹੋਣ ਵਾਲੇ ਹਿਜ਼ਬੁੱਲਾ ਸੰਗਠਨ ਨੇ ਇਜ਼ਰਾਈਲ 'ਤੇ 320 ਰਾਕੇਟਾਂ ਨਾਲ ਹਮਲਾ ਕੀਤਾ ਹੈ। ਅਲਜਜ਼ੀਰਾ ਮੁਤਾ-ਬਕ ਹਿਜ਼ਬੁੱਲਾ ਨੇ ਐਤਵਾਰ ਨੂੰ 11 ਇਜ਼ਰਾਇਲੀ ਫੌਜੀ ਟਿਕਾਣਿਆਂ 'ਤੇ ਮਿਜ਼ਾਈਲਾਂ ਅਤੇ ਡਰੋਨ ਦਾਗੇ।

ਹਿਜ਼ਬੁੱਲਾ ਨੇ ਇਹ ਹਮਲਾ ਆਪਣੇ ਚੋਟੀ ਦੇ ਕਮਾਂਡਰ ਫੁਆਦ ਸ਼ੁਕਰ ਦੀ ਮੌਤ ਦਾ ਬਦਲਾ ਲੈਣ ਲਈ ਕੀਤਾ ਹੈ। ਦਰਅਸਲ, 30 ਜੁਲਾਈ ਨੂੰ ਇਜ਼ਰਾਈਲ ਨੇ ਬੇਰੂਤ ਵਿੱਚ ਇੱਕ ਹਵਾਈ ਹਮਲੇ ਵਿੱਚ ਹਿਜ਼ਬੁੱਲਾ ਦੇ ਚੋਟੀ ਦੇ ਕਮਾਂਡਰ ਨੂੰ ਮਾਰ ਦਿੱਤਾ ਸੀ।

ਹਿਜ਼ਬੁੱਲਾ ਹਮਲੇ ਤੋਂ ਬਾਅਦ, ਇਜ਼ਰਾਈਲ ਦੇ ਰੱਖਿਆ ਮੰਤਰੀ ਯੋਵ ਗੈਲੈਂਟ ਨੇ 48 ਘੰਟਿਆਂ ਲਈ ਐਮਰਜੈਂਸੀ ਦਾ ਐਲਾਨ ਕੀਤਾ। ਰਾਜਧਾਨੀ ਤਲਅਵੀਵ ਦੇ ਬੇਨ ਗੁਰੀਅਨ ਹਵਾਈ ਅੱਡੇ ਨੂੰ ਬੰਦ ਕਰਕੇ ਸਾਰੀਆਂ ਆਉਣ ਵਾਲੀਆਂ ਅਤੇ ਜਾਣ ਵਾਲੀਆਂ ਉਡਾਨਾਂ ਨੂੰ 90 ਮਿੰਟ ਲਈ ਰੋਕ ਦਿੱਤਾ ਗਿਆ। ਹਾਲਾਂਕਿ ਬਾਅਦ ਵਿੱਚ ਸੇਵਾਵਾਂ ਬਹਾਲ ਕਰ ਦਿੱਤੀਆਂ ਗਈਆਂ।

ਹਿਜ਼ਬੁੱਲਾ ਹਮਲੇ ਤੋਂ ਬਾਅਦ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕੈਬਨਿਟ ਮੀਟਿੰਗ ਬੁਲਾਈ। ਉਨ੍ਹਾਂ ਕਿਹਾ ਕਿ ਸਾਡੇ 'ਤੇ ਹਜ਼ਾਰਾਂ ਰਾਕੇਟਾਂ ਨਾਲ ਹਮਲਾ ਕੀਤਾ ਗਿਆ, ਜਿਸ ਨੂੰ ਨਾਕਾਮ ਕਰ ਦਿੱਤਾ ਗਿਆ। ਨੇਤਨਯਾਹੂ ਨੇ ਕਿਹਾ ਕਿ ਅਸੀਂ ਦੇਸ਼ ਦੀ ਸੁਰੱਖਿਆ ਲਈ ਕੁਝ ਵੀ ਕਰਨ ਲਈ ਤਿਆਰ ਹਾਂ। ਜੋ ਕੋਈ ਸਾਨੂੰ ਨੁਕਸਾਨ ਪਹੁੰਚਾਏਗਾ, ਅਸੀਂ ਉਸ ਨੂੰ ਨੁਕਸਾਨ ਪਹੁੰਚਾਵਾਂਗੇ।



TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9



# ਸਿਨੇਮਾਘਰਾਂ 'ਚ ਧੂੰਮਾਂ ਪਾਉਣ ਤੋਂ ਬਾਅਦ ਹੁਣ OTT ’ਤੇ 'ਮੁੰਜਿਆ' ਕਰੇਗੀ ਧਮਾਕਾ

ਮੁੰਬਈ, 25 ਅਗਸਤ (ਪੋਸਟ ਬਿਊਰੋ): ਇਨ੍ਹੀਂ ਦਿਨੀਂ ਇੱਕ ਹਾਰਰ ਕਾਮੇਡੀ ਫਿਲਮ 'ਇਸਤਰੀ 2' ਰਿਲੀਜ਼ ਹੋਈ ਹੈ, ਜੋ ਧੂੰਮਾਂ ਪਾ ਰਹੀ ਹੈ। ਇਸ ਫਿਲਮ ਤੋਂ ਪਹਿਲਾਂ ਇੱਕ ਹੋਰ ਹਾਰਰ ਕਾਮੇਡੀ ਫਿਲਮ ਰਿਲੀਜ਼ ਹੋਈ ਸੀ, ਜਿਸ ਦਾ ਨਾਂ ਸੀ "ਮੁੰਜਿਆ", ਇਸ ਫਿਲਮ ਦੀ ਸ਼ੁਰੂਆਤ ਤਾਂ ਧੀਮੀ ਸੀ ਹੌਲੀ-ਹੌਲੀ ਫਿਲਮ ਨੇ ਬਾਕਸ ਆਫਿਸ 'ਤੇ ਆਪਣੀ ਸਫਲਤਾ ਦਿਖਾਉਣੀ ਸ਼ੁਰੂ ਕਰ ਦਿੱਤੀ। ਫਿਲਮ ਨੇ ਦੁਨੀਆਂ ਭਰ 'ਚ 100 ਕਰੋੜ ਰੁਪਏ ਤੋਂ ਜ਼ਿਆਦਾ ਦੀ ਕਮਾਈ ਕੀਤੀ ਸੀ। ਫ਼ਿਲਮ ਮੁੰਜਿਆ ਦੀ ਕਹਾਣੀ ਤੋਂ ਲੈ ਕੇ ਕਿਰਦਾਰਾਂ ਅਤੇ ਅਦਾਕਾਰੀ ਤੱਕ ਹਰ ਚੀਜ਼ ਦੀ ਦਰਸ਼ਕਾਂ ਵੱਲੋਂ ਤਾਰੀਫ ਕੀਤੀ ਗਈ ਸੀ, ਉਥੇ ਹੀ ਹੁਣ ਇਹ ਵੀ ਜਾਣਕਾਰੀ ਮਿਲ ਗਈ ਹੈ ਕਿ ਦਰਸ਼ਕ ਫਿਲਮ ਮੁੰਜਿਆ ਨੂੰ ਕਦੋਂ ਅਤੇ ਕਿਸ ਪਲੇਟਫਾਰਮ 'ਤੇ ਦੇਖ ਸਕਦੇ ਹਨ।

ਤੁਹਾਨੂੰ ਦੱਸ ਦੇਈਏ ਕਿ ਬਾਕਸ ਆਫਿਸ 'ਤੇ ਧਮਾਲ ਮਚਾਉਣ ਤੋਂ ਬਾਅਦ 7 ਜੂਨ ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਈ ਫਿਲਮ ਮੁੰਜਿਆ ਹੁਣ ਓਟੀਟੀ (OTT) ਪਲੇਟਫਾਰਮ 'ਤੇ ਰਾਜ ਕਰਨ ਲਈ ਆ ਗਈ ਹੈ। ਜਿਹੜੇ ਦਰਸ਼ਕ ਸਿਨੇਮਾਘਰਾਂ ਵਿੱਚ ਇਸ ਫਿਲਮ ਦਾ ਆਨੰਦ ਲੈਣ ਤੋਂ ਖੁੰਝ ਗਏ ਸਨ, ਉਹ ਹੁਣ ਇਸ ਫ਼ਿਲਮ ਦਾ ਘਰ ਬੈਠੇ ਆਨੰਦ ਲੈ ਸਕਦੇ ਹਨ, ਕਿਉਂਕਿ ਇਹ OTT ਪਲੇਟਫਾਰਮ 'ਤੇ ਰਿਲੀਜ਼ ਹੋ ਚੁੱਕੀ ਹੈ। ਨਿਰਮਾਤਾਵਾਂ ਨੇ ਪਲੇਟਫਾਰਮ ਡਿਜ਼ਨੀ+ਹਾਟਸਟਾਰ ਨਾਲ ਡੀਲ ਕੀਤੀ ਹੈ।

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com





ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com





SherGill Law Firm
Barrister, Solicitor & Notary Public
Paramjit Singh Gill
(MBA,LL.B.)
Tel: 905-790-3636
Services:
*Real Estate
*Residential, Commercial & Franchise
*Criminal Law
*Family Law
*Affidavit, Power Of Attorney & Notarization
*Immigration Matters
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca



# ਪੀਐੱਸਪੀਸੀਐੱਲ ਨੇ ਬਿਜਲੀ ਚੋਰੀ ਦੇ 2,075 ਮਾਮਲੇ ਫੜ੍ਹੇ, 4.64 ਕਰੋੜ ਰੁਪਏ ਦਾ ਲਗਾਇਆ ਜੁਰਮਾਨਾ : ਈਟੀਓ

ਚੰਡੀਗੜ੍ਹ, 25 ਅਗਸਤ (ਪੋਸਟ ਬਿਊਰੋ): ਬਿਜਲੀ ਚੋਰੀ ਵਿਰੁੱਧ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਜ਼ੀਰੋ ਟਾਲਰੈਂਸ ਨੀਤੀ ਦੇ ਤਹਿਤ ਸ਼ਨੀਵਾਰ ਨੂੰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ) ਦੇ ਪੰਜ ਜ਼ੋਨਾਂ ਅੰਮ੍ਰਿਤਸਰ, ਬਠਿੰਡਾ, ਲੁਧਿਆਣਾ, ਜਲੰਧਰ ਅਤੇ ਪਟਿਆਲਾ ਵਿੱਚ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ।

ਅੱਜ ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਇਹ ਪ੍ਰਗਟਾਵਾ ਕਰਦਿਆਂ ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਦੱਸਿਆ ਕਿ ਇਹ ਚੈਕਿੰਗ ਮੁਹਿੰਮ ਪੀਐਸਪੀਸੀਐਲ ਦੇ ਡਿਸਟ੍ਰੀਬਿਊਸ਼ਨ ਅਤੇ ਇਨਫੋਰਸਮੈਂਟ ਵਿੰਗ ਵੱਲੋਂ ਸਾਂਝੇ ਤੌਰ 'ਤੇ ਚਲਾਈ ਗਈ। ਇਸ ਚੈਕਿੰਗ ਦੌਰਾਨ ਪੰਜਾਂ ਜ਼ੋਨਾਂ ਵਿੱਚ ਕੁੱਲ 28,487 ਬਿਜਲੀ ਕੁਨੈਕਸ਼ਨਾਂ ਦੀ ਚੈਕਿੰਗ ਕੀਤੀ ਗਈ। ਇਨ੍ਹਾਂ ਚੈੱਕ ਕੀਤੇ ਗਏ ਕੁਨੈਕਸ਼ਨਾਂ ਵਿੱਚੋਂ ਬਿਜਲੀ ਚੋਰੀ ਦੇ ਕੁੱਲ 2,075 ਕੇਸ ਫੜੇ ਗਏ ਅਤੇ ਸੰਬੰਧਿਤ ਖਪਤਕਾਰਾਂ 'ਤੇ 4.64 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਗਿਆ।

ਜ਼ੋਨ-ਵਾਰ ਵੇਰਵੇ ਦਿੰਦਿਆਂ ਕੈਬਿਨਟ ਮੰਤਰੀ ਨੇ ਦੱਸਿਆ ਕਿ ਅੰਮ੍ਰਿਤਸਰ ਜ਼ੋਨ ਵਿੱਚ ਬਿਜਲੀ ਚੋਰੀ ਦੇ 438 ਮਾਮਲੇ ਸਾਹਮਣੇ ਆਏ ਹਨ ਅਤੇ ਬਿਜਲੀ ਚੋਰੀ ਕਰਨ ਵਾਲੇ ਖਪਤਕਾਰਾਂ ਨੂੰ 1.10 ਕਰੋੜ ਰੁਪਏ ਦਾ ਜੁਰਮਾਨਾ ਕੀਤਾ ਗਿਆ। ਬਠਿੰਡਾ ਜ਼ੋਨ ਵਿੱਚ 527 ਕੇਸ ਫੜੇ ਗਏ ਅਤੇ 1.41 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਗਿਆ। ਲੁਧਿਆਣਾ ਜ਼ੋਨ ਵਿੱਚ 323 ਕੇਸ ਫੜੇ ਗਏ ਅਤੇ 90 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਗਿਆ। ਜਲੰਧਰ ਜ਼ੋਨ ਵਿੱਚ 340 ਕੇਸ ਫੜੇ ਗਏ ਅਤੇ 50 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਗਿਆ। ਇਸੇ ਤਰ੍ਹਾਂ ਪਟਿਆਲਾ ਜ਼ੋਨ ਵਿੱਚ 447 ਕੇਸ ਫੜੇ ਗਏ ਅਤੇ ਸਬੰਧਿਤ ਖਪਤਕਾਰਾਂ ਨੂੰ 74 ਲੱਖ ਰੁਪਏ ਦੇ ਜੁਰਮਾਨੇ ਕੀਤੇ ਗਏ।

ਬਿਜਲੀ ਮੰਤਰੀ ਨੇ ਅੱਗੇ ਕਿਹਾ ਕਿ ਜੁਰਮਾਨਾ ਲਗਾਉਣ ਤੋਂ ਇਲਾਵਾ, ਐਫ.ਆਈ.ਆਰ ਦਰਜ ਕੀਤੀਆਂ ਗਈਆਂ ਹਨ ਅਤੇ ਸਬੰਧਿਤ ਖਪਤਕਾਰਾਂ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਬਿਜਲੀ ਚੋਰੀਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਬਿਜਲੀ ਚੋਰੀ ਦੇ ਮਾਮਲਿਆਂ ਨੂੰ ਵੱਧ ਤੋਂ ਵੱਧ ਪੱਧਰ ਤੱਕ ਘਟਾ ਦੇਵੇਗੀ। ਉਨ੍ਹਾਂ ਕਿਹਾ ਕਿ ਬਿਜਲੀ ਚੋਰੀ ਨੂੰ ਰੋਕਣ ਲਈ ਇਹ ਮੁਹਿੰਮ ਸਮੇਂ ਦੀ ਲੋੜ ਹੈ। ਉਨ੍ਹਾਂ ਬਿਜਲੀ ਖਪਤਕਾਰਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੀਆਂ ਗਲਤੀਆਂ ਨਾ ਕਰਨ।

ਬਿਜਲੀ ਮੰਤਰੀ ਨੇ ਕਿਹਾ ਕਿ ਸਮੂਹਿਕ ਚੈਕਿੰਗ ਮੁਹਿੰਮ ਭਵਿੱਖ ਵਿੱਚ ਵੀ ਜਾਰੀ ਰਹੇਗੀ। ਉਨ੍ਹਾਂ ਸਮੂਹ ਬਿਜਲੀ ਖਪਤਕਾਰਾਂ ਨੂੰ ਅਪੀਲ ਕੀਤੀ ਕਿ ਉਹ ਆਪੋ-ਆਪਣੇ ਖੇਤਰਾਂ ਵਿੱਚ ਅਜਿਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦੇ ਕੇ ਬਿਜਲੀ ਚੋਰੀ ਨੂੰ ਕਾਬੂ ਕਰਨ ਵਿੱਚ ਬਿਜਲੀ ਵਿਭਾਗ ਦੀ ਮਦਦ ਕਰਨ। ਉਨ੍ਹਾਂ ਹਰੇਕ ਵਿਅਕਤੀ ਨੂੰ ਆਪਣੇ ਬਿਜਲੀ ਕੁਨੈਕਸ਼ਨ ਨਿਯਮਤ ਕਰਨ ਦੀ ਅਪੀਲ ਵੀ ਕੀਤੀ ਤਾਂ ਜੋ ਉਨ੍ਹਾਂ ਨੂੰ ਸਿਸਟਮ ਅਧੀਨ ਲਿਆਂਦਾ ਜਾ ਸਕੇ। ਉਨ੍ਹਾਂ ਪਾਵਰਕੌਮ ਦੇ ਅਧਿਕਾਰੀਆਂ ਦੀ ਬਿਜਲੀ ਚੋਰੀ ਵਿਰੁੱਧ ਮੁਹਿੰਮ ਨੂੰ ਸਫਲਤਾਪੂਰਵਕ ਚਲਾਉਣ ਲਈ ਸ਼ਲਾਘਾ ਕੀਤੀ।

ਇਸ ਦੌਰਾਨ, ਰਾਜ ਦੇ ਆਰਥਿਕ ਵਿਕਾਸ ਅਤੇ ਸਥਿਰਤਾ ਲਈ ਊਰਜਾ ਦੀ ਬਚਤ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਬਿਜਲੀ ਮੰਤਰੀ ਨੇ ਹਰੇਕ ਯੂਨਿਟ ਦੀ ਬੱਚਤ 'ਤੇ ਜ਼ੋਰ ਦਿੱਤਾ ਅਤੇ ਲੋਕਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਬਿਜਲੀ ਬਚਾਉਣ ਦੀਆਂ ਆਦਤਾਂ ਨੂੰ ਅਪਣਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਥਿਰ ਊਰਜਾ ਸਪਲਾਈ ਨੂੰ ਯਕੀਨੀ ਬਣਾਉਣ, ਜੈਵਿਕ ਈਂਧਨ 'ਤੇ ਸਾਡੀ ਨਿਰਭਰਤਾ ਨੂੰ ਘਟਾਉਣ, ਅਤੇ ਜਲਵਾਯੂ ਪਰਿਵਰਤਨ ਦੇ ਪ੍ਰਭਾਵ ਨੂੰ ਘਟਾਉਣ ਲਈ ਬਿਜਲੀ ਦੀ ਸੰਭਾਲ ਮਹੱਤਵਪੂਰਨ ਹੈ।










ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well Settled **Ramgarhia Family** in Winnipeg looking for a suitable match for their son **(Canadian citizenship)**, 33-year-old, 5-10, clean shaved. Currently working in the financing business. **Call at 204-510-7658 or 204-979-0021.**

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com







## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664



## ਕੰਗਨਾ ਨੇ ਕਿਸਾਨਾਂ ਬਾਰੇ ਦਿੱਤਾ ਫਿਰ ਵਿਵਾਦਿਤ ਬਿਆਨ: ਕਿਹਾ- ਕਿਸਾਨ ਅੰਦੋਲਨ ਦੌਰਾਨ ਹੋਏ ਬਲਾਤਕਾਰ ਅਤੇ ਕਤਲ

ਨਵੀਂ ਦਿੱਲੀ, 25 ਅਗਸਤ (ਪੋਸਟ ਬਿਊਰੋ): ਅਦਾਕਾਰਾ ਅਤੇ ਸੰਸਦ ਮੈਂਬਰ ਕੰਗਨਾ ਰਣੌਤ ਨੇ ਕਿਹਾ ਹੈ ਕਿ ਜੇਕਰ ਸਾਡੀ ਲੀਡਰਸ਼ਿਪ ਮਜ਼ਬੂਤ ਨਾ ਹੁੰਦੀ ਤਾਂ ਕਿਸਾਨ ਅੰਦੋਲਨ ਦੌਰਾਨ ਪੰਜਾਬ ਬੰਗਲਾਦੇਸ਼ ਵਿੱਚ ਤਬਦੀਲ ਹੋ ਜਾਣਾ ਸੀ।

ਇੱਕ ਇੰਟਰਵਿਊ 'ਚ ਕੰਗਨਾ ਨੇ ਕਿਹਾ ਕਿ ਪੰਜਾਬ 'ਚ ਕਿਸਾਨ ਅੰਦੋਲਨ ਦੇ ਨਾਂ 'ਤੇ ਦੰਗਾਕਾਰੀ ਹਿੰਸਾ ਫੈਲਾਅ ਰਹੇ ਸਨ। ਉੱਥੇ ਬਲਾਤਕਾਰ ਅਤੇ ਕਤਲ ਹੋ ਰਹੇ ਸਨ। ਕਿਸਾਨ ਬਿੱਲ ਵਾਪਿਸ ਲੈ ਲਏ ਨਹੀਂ ਤਾਂ ਇਨ੍ਹਾਂ ਦੀ ਬਹੁਤ ਲੰਬੀ ਯੋਜਨਾ ਸੀ। ਉਹ ਦੇਸ਼ ਵਿੱਚ ਕੁਝ ਵੀ ਕਰ ਸਕਦੇ ਸਨ।



ਇਸ ਤੋਂ ਬਾਅਦ ਪੰਜਾਬ ਕਾਂਗਰਸ ਦੇ ਨੇਤਾ ਰਾਜਕੁਮਾਰ ਵੇਰਕਾ ਨੇ ਕਿਹਾ ਕਿ ਕੰਗਨਾ ਲਗਾਤਾਰ ਕਿਸਾਨਾਂ 'ਤੇ ਅਜਿਹੇ ਬਿਆਨ ਦੇ ਰਹੀ ਹੈ। ਉਸ ਖਿਲਾਫ ਐੱਫਆਈਆਰ ਦਰਜ ਕੀਤੀ ਜਾਣੀ ਚਾਹੀਦੀ ਹੈ ਅਤੇ ਉਸ 'ਤੇ ਐੱਨਐੱਸਏ ਲਗਾਇਆ ਜਾਣਾ ਚਾਹੀਦਾ ਹੈ।

ਕੰਗਨਾ ਦੇ ਇੰਟਰਵਿਊ ਤੋਂ ਬਾਅਦ ਵੇਰਕਾ ਨੇ ਵੀਡੀਓ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ ਕੰਗਨਾ ਰਣੌਤ ਹਰ ਰੋਜ਼ ਪੰਜਾਬ ਦੇ ਲੀਡਰਾਂ ਖਿਲਾਫ ਜ਼ਹਿਰ ਉਗਲਦੀ ਹੈ। ਉਹ ਕਿਸਾਨਾਂ ਨੂੰ ਖਾਲਿਸਤਾਨੀ ਕਹਿੰਦੀ ਹੈ। ਦੇਸ਼ ਦੇ ਕਿਸਾਨਾਂ ਨਾਲ ਬਦਸਲੂਕੀ ਕਰਦੀ ਹੈ। ਉਹ ਕਿਸੇ ਦੇ ਉਕਸਾਉਣ 'ਤੇ ਬੋਲ ਰਹੀ ਹੈ। ਭਾਜਪਾ ਨੂੰ ਇਸ ਬਾਰੇ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ। ਮੈਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕਰਦਾ ਹਾਂ ਕਿ ਐੱਫਆਈਆਰ ਦਰਜ ਕੀਤੀ ਜਾਵੇ। ਉਨ੍ਹਾਂ ਵਿਰੁੱਧ ਰਾਸ਼ਟਰੀ ਸੁਰੱਖਿਆ ਕਾਨੂੰਨ ਤਹਿਤ ਕਾਰਵਾਈ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਡਿਬਰੂਗੜ੍ਹ ਜੇਲ੍ਹ ਭੇਜਿਆ ਜਾਵੇ।

ਦੂਜੇ ਪਾਸੇ ਪੰਜਾਬ ਭਾਜਪਾ ਨੇ ਕੰਗਨਾ ਰਣੌਤ ਦੇ ਬਿਆਨ ਤੋਂ ਦੂਰੀ ਬਣਾ ਲਈ ਹੈ। ਪੰਜਾਬ ਭਾਜਪਾ ਦੇ ਸੀਨੀਅਰ ਆਗੂ ਹਰਜੀਤ ਗਰੇਵਾਲ ਨੇ ਕਿਹਾ ਕਿ ਇਹ ਕੰਗਣਾ ਦਾ ਨਿੱਜੀ ਬਿਆਨ ਹੈ, ਇਸ ਦਾ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ।

## ਪ੍ਰਧਾਨ ਮੰਤਰੀ ਨੇ ਕਿਹਾ- ਔਰਤਾਂ ਵਿਰੁੱਧ ਅਪਰਾਧ ਮੁਆਫ਼ੀਯੋਗ ਨਹੀਂ, ਦੋਸ਼ੀ ਬਚਣੇ ਨਹੀਂ ਚਹੀਦੇ

ਨਵੀਂ ਦਿੱਲੀ, 25 ਅਗਸਤ (ਪੋਸਟ ਬਿਊਰੋ): ਪ੍ਰਧਾਨ ਮੰਤਰੀ ਮੋਦੀ ਐਤਵਾਰ ਨੂੰ ਮਹਾਰਾਸ਼ਟਰ ਦੇ ਜਲਗਾਓਂ ਵਿੱਚ ਲਖਪਤੀ ਦੀਦੀ ਦੇ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ। ਉਨ੍ਹਾਂ ਨੇ ਸਵੈ-ਸਹਾਇਤਾ ਸਮੂਹਾਂ ਨੂੰ 5 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਜਾਰੀ ਕੀਤੇ। ਇਸ ਤੋਂ ਇਲਾਵਾ 11 ਲੱਖ ਲੱਖਪਤੀ ਦੀਦੀ ਨੂੰ ਸਰਟੀਫਿਕੇਟ ਵੀ ਦਿੱਤੇ ਗਏ।

ਪ੍ਰਧਾਨ ਮੰਤਰੀ ਨੇ ਦੇਸ਼ ਭਰ 'ਚ ਹੋ ਰਹੀਆਂ ਬਲਾਤਕਾਰ ਦੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟਾਈ ਹੈ। ਕੋਲਕਾਤਾ ਵਿੱਚ ਇੱਕ ਮਹਿਲਾ ਡਾਕਟਰ ਅਤੇ ਬਦਲਾਪੁਰ ਵਿੱਚ ਦੋ ਲੜਕੀਆਂ ਦੇ ਜਿਨਸੀ ਸ਼ੋਸ਼ਣ ਸਮੇਤ ਦੇਸ਼ ਭਰ ਵਿੱਚ ਵਾਪਰ ਰਹੀਆਂ



ਘਟਨਾਵਾਂ ਦਾ ਨਾਂ ਲਏ ਬਿਨ੍ਹਾਂ ਉਨ੍ਹਾਂ ਕਿਹਾ- ਅੱਜ ਦੇਸ਼ ਦਾ ਹਰ ਸੂਬਾ ਆਪਣੀਆਂ ਧੀਆਂ ਦੇ ਦਰਦ ਅਤੇ ਗੁੱਸੇ ਨੂੰ ਸਮਝ ਰਿਹਾ ਹੈ।

ਮੈਂ ਦੇਸ਼ ਦੀ ਹਰ ਰਾਜਨੀਤਿਕ ਪਾਰਟੀ ਅਤੇ ਰਾਜ ਸਰਕਾਰ ਨੂੰ ਦੱਸਾਂਗਾ ਕਿ ਔਰਤਾਂ ਵਿਰੁੱਧ ਅਪਰਾਧ ਮੁਆਫ ਨਹੀਂ ਕੀਤੇ ਜਾ ਸਕਦੇ ਹਨ। ਜੋ ਵੀ ਦੋਸ਼ੀ ਹੈ, ਉਸ ਨੂੰ ਬਖਸ਼ਿਆ ਨਹੀਂ ਜਾਣਾ ਚਾਹੀਦਾ। ਸਰਕਾਰਾਂ ਆਉਂਦੀਆਂ-ਜਾਂਦੀਆਂ ਰਹਿਣਗੀਆਂ। ਔਰਤਾਂ ਦੇ ਮਾਣ-ਸਨਮਾਨ ਅਤੇ ਉਨ੍ਹਾਂ ਦੇ ਜੀਵਨ ਦੀ ਰੱਖਿਆ ਕਰਨਾ ਸਾਡੀ ਜ਼ਿੰਮੇਵਾਰੀ ਹੈ।

## ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ- ਯੂਪੀਐੱਸ ਵਿੱਚ ਯੂ ਦਾ ਮਤਲਬ ਮੋਦੀ ਸਰਕਾਰ ਦਾ ਯੂ-ਟਰਨ

ਨਵੀਂ ਦਿੱਲੀ, 25 ਅਗਸਤ (ਪੋਸਟ ਬਿਊਰੋ): ਨਵੀਂ ਪੈਨਸ਼ਨ ਸਕੀਮ ਤੋਂ ਬਾਅਦ ਯੂਨੀਫਾਈਡ ਪੈਨਸ਼ਨ ਸਕੀਮ (ਯੂ.ਪੀ.ਐੱਸ.) ਲਿਆਉਣ ਦੇ ਕੇਂਦਰ ਸਰਕਾਰ ਦੇ ਫੈਸਲੇ ਤੋਂ ਬਾਅਦ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਯੂ.ਪੀ.ਐੱਸ. 'ਚ ਯੂ ਦਾ ਮਤਲਬ ਮੋਦੀ ਸਰਕਾਰ ਦਾ ਯੂ-ਟਰਨ ਹੈ।

ਖੜਗੇ ਨੇ ਕਿਹਾ ਐਕਸ 'ਤੇ ਕਿਹਾ ਕਿ 4 ਜੂਨ ਨੂੰ ਲੋਕਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਲੋਕਾਂ ਦੀ ਸ਼ਕਤੀ ਪ੍ਰਧਾਨ ਮੰਤਰੀ ਦੇ ਸੱਤਾ ਦੇ ਹੰਕਾਰ 'ਤੇ ਹਾਵੀ ਹੋਈ ਹੈ। ਸਰਕਾਰ ਨੇ ਪਹਿਲੇ ਬਜਟ ਵਿੱਚ ਲੰਬੇ ਸਮੇਂ ਦੇ ਪੂੰਜੀ ਲਾਭ/ਇੰਡੇਕਸੇਸ਼ਨ ਦਾ ਫੈਸਲਾ ਨੂੰ ਵਾਪਿਸ ਲੈ ਲਿਆ।

ਇਸ ਤੋਂ ਬਾਅਦ, ਬ੍ਰਾਡਕਾਸਟਿੰਗ ਬਿੱਲ ਅਤੇ ਯੂਪੀਐੱਸਸੀ ਦੇ ਉੱਚ ਅਹੁਦਿਆਂ 'ਤੇ



ਲੇਟਰਲ ਐਂਟਰੀ ਦਾ ਫੈਸਲਾ ਵੀ ਵਾਪਸ ਲੈ ਲਿਆ। ਅਸੀਂ ਸਰਕਾਰ ਦੀ ਜਵਾਬਦੇਹੀ ਨੂੰ ਯਕੀਨੀ ਬਣਾਉਣਾ ਜਾਰੀ ਰੱਖਾਂਗੇ। ਇਸ ਸਰਕਾਰ ਤੋਂ 140 ਕਰੋੜ ਭਾਰਤੀਆਂ ਦੀ ਰੱਖਿਆ ਕਰਨਾ ਜਾਰੀ ਰੱਖੇਗਾ।

ਦਰਅਸਲ, ਸ਼ਨੀਵਾਰ ਨੂੰ ਕੇਂਦਰ ਸਰਕਾਰ ਨੇ ਨਵੀਂ ਪੈਨਸ਼ਨ ਸਕੀਮ ਦੀ ਥਾਂ ਯੂਨੀਫਾਈਡ ਪੈਨਸ਼ਨ ਸਕੀਮ ਲਿਆਂਦੀ ਹੈ। ਇਹ ਸਕੀਮ 1 ਅਪ੍ਰੈਲ 2025 ਤੋਂ ਲਾਗੂ ਹੋਵੇਗੀ। ਇਸ ਨਾਲ 23 ਲੱਖ ਕੇਂਦਰੀ ਕਰਮਚਾਰੀਆਂ ਨੂੰ ਫਾਇਦਾ ਹੋਵੇਗਾ।

## ਟੈਲੀਗ੍ਰਾਮ ਦੇ ਸੀਈਓ ਪਾਵੇਲ ਡੂਰੋਵ ਫਰਾਂਸ ਵਿੱਚ ਗ੍ਰਿਫ਼ਤਾਰ, ਅਪਰਾਧਿਕ ਕੰਟੇਂਟ ਨੂੰ ਰੋਕਣ ਵਿੱਚ ਅਸਫਲ ਰਹਿਣ ਦਾ ਦੋਸ਼

ਪੈਰਿਸ, 25 ਅਗਸਤ (ਪੋਸਟ ਬਿਊਰੋ): ਇੰਸਟੇਂਟ ਮੈਸੇਜਿੰਗ ਅਤੇ ਕਮਿਊਨਿਟੀ ਐਪ ਟੈਲੀਗ੍ਰਾਮ ਦੇ ਸੰਸਥਾਪਕ ਅਤੇ ਸੀਈਓ ਪਾਵੇਲ ਡੂਰੋਵ ਨੂੰ ਪੈਰਿਸ ਦੇ ਬਾਹਰ ਬੋਰਗੇਟ ਹਵਾਈ ਅੱਡੇ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਜਾਣਕਾਰੀ ਮੁਤਾਬਕ ਦੁਰੋਵ ਆਪਣੇ ਪ੍ਰਾਈਵੇਟ ਜੈੱਟ 'ਚ ਉੱਥੇ ਪਹੁੰਚੇ ਸਨ। ਪਾਵੇਲ ਖਿਲਾਫ ਪਹਿਲਾਂ ਹੀ ਗ੍ਰਿਫ਼ਤਾਰੀ ਵਾਰੰਟ ਜਾਰੀ



ਕੀਤਾ ਗਿਆ ਸੀ।

ਪਾਵੇਲ 'ਤੇ ਸਮੱਗਰੀ ਸੰਚਾਲਨ ਵਿੱਚ ਅਸਫਲ ਰਹਿਣ ਦਾ ਦੋਸ਼ ਹੈ। ਇਸ ਨਾਲ ਮੈਸੇਜਿੰਗ ਐਪ 'ਤੇ ਅਪਰਾਧਿਕ ਗਤੀਵਿਧੀਆਂ ਨੂੰ ਬਿਨ੍ਹਾਂ ਕਿਸੇ ਰੁਕ-ਾਵਟ ਦੇ ਜਾਰੀ ਰਹਿਣ ਦਿੱਤਾ ਗਿਆ। ਕੰਟੇਂਟ ਸੰਚਾਲਨ ਆਨਲਾਈਨ ਪਲੇਟਫਾਰਮਾਂ ਤੋਂ ਇਤਰਾਜ਼ਯੋਗ ਜਾਂ ਨੁਕਸਾਨਦੇਹ ਕੰਟੇਂਟ ਦੀ ਨਿਗਰਾਨੀ ਅਤੇ ਹਟਾਉਣ ਦੀ ਪ੍ਰਕਿਰਿਆ ਹੈ। ਇਹ ਆਨਲਾਈਨ ਸੁਰੱਖਿਆ ਦਾ ਇੱਕ ਵੱਡਾ ਅਤੇ ਮਹੱਤਵਪੂਰਨ ਹਿੱਸਾ ਹੈ। ਫਿਲਹਾਲ ਟੈਲੀਗ੍ਰਾਮ ਜਾਂ ਫਰਾਂਸ ਸਰਕਾਰ ਜਾਂ ਪੁਲਿਸ ਵਲੋਂ ਕੋਈ ਬਿਆਨ ਨਹੀਂ ਆਇਆ ਹੈ। ਗ੍ਰਿਫਤਾਰੀ 'ਤੇ ਰੂਸ ਦੇ ਵਿਦੇਸ਼ ਮੰਤਰਾਲੇ ਨੇ ਪੁੱਛਿਆ ਹੈ ਕਿ ਕੀ ਪੱਛਮੀ ਗੈਰ ਸਰਕਾਰੀ ਸੰਗਠਨ (NGO) ਡੁਰੋਵ ਦੀ ਰਿਹਾਈ ਦੀ ਮੰਗ ਕਰਨਗੇ?

## ਸੁਨੀਤਾ ਵਿਲੀਅਮਜ਼ ਫਰਵਰੀ 2025 ਵਿੱਚ ਪੁਲਾੜ ਤੋਂ ਵਾਪਿਸ ਆਉਣਗੇ, ਨਾਸਾ ਨੇ ਕਿਹਾ- ਸਪੇਸਐਕਸ ਦੇ ਡਰੈਗਨ ਪੁਲਾੜ ਯਾਨ ਨਾਲ ਹੋਵੇਗੀ ਵਾਪਿਸੀ

ਨਵੀਂ ਦਿੱਲੀ, 25 ਅਗਸਤ (ਪੋਸਟ ਬਿਊਰੋ): ਭਾਰਤੀ ਮੂਲ ਦੀ ਅਮਰੀਕੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਅਤੇ ਉਸ ਦੇ ਸਾਥੀ ਬੁਸ਼ ਵਿਲਮੋਰ ਫਰਵਰੀ 2025 ਵਿੱਚ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈਐੱਸਐੱਸ) ਤੋਂ ਧਰਤੀ 'ਤੇ ਵਾਪਿਸ ਆਉਣਗੇ। ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਸ਼ਨੀਵਾਰ (24 ਅਗਸਤ) ਨੂੰ ਇਹ ਜਾਣਕਾਰੀ ਦਿੱਤੀ ਹੈ।

ਨਾਸਾ ਨੇ ਆਖਰਕਾਰ ਸਵੀਕਾਰ ਕਰ ਲਿਆ ਕਿ ਬੋਇੰਗ ਦੇ ਨਵੇਂ ਸਟਾਰਲਾਈਨਰ ਕੈਪਸੂਲ ਵਿੱਚ ਫਸੇ ਦੋ



ਪੁਲਾੜ ਯਾਤਰੀਆਂ ਨੂੰ ਲਿਆਉਣਾ ਖਤਰਨਾਕ ਹੋ ਸਕਦਾ ਹੈ। ਜਦੋਂਕਿ ਦੋਵੇਂ ਪੁਲਾੜ ਯਾਤਰੀਆਂ ਨੂੰ 5 ਜੂਨ ਨੂੰ ਇੱਕੋ ਪੁਲਾੜ ਯਾਨ ਰਾਹੀਂ ਭੇਜੇ ਗਏ ਸਨ। ਸਟਾਰਲਾਈਨਰ ਕੈਪਸੂਲ ਦੀ ਇਹ ਪਹਿਲੀ ਉਡਾਨ ਸੀ।

ਨਾਸਾ ਨੇ ਕਿਹਾ ਕਿ ਸੁਨੀਤਾ ਅਤੇ ਬੁਸ਼ ਵਿਲਮੋਰ ਫਰਵਰੀ ਵਿਚ ਐਲੋਨ ਮਸਕ ਦੀ ਕੰਪਨੀ ਸਪੇਸਐਕਸ ਦੇ ਡਰੈਗਨ ਪੁਲਾੜ ਯਾਨ 'ਤੇ ਵਾਪਿਸ ਆਉਣਗੇ। ਇਸ ਦੇ ਨਾਲ ਹੀ, ਸਟਾਰਲਾਈਨਰ ਕੈਪਸੂਲ ਤੋਂ ਵੱਖ ਹੋ ਜਾਵੇਗਾ ਅਤੇ ਇੱਕ ਜਾਂ ਦੋ ਹਫ਼ਤਿਆਂ ਵਿੱਚ ਆਟੋਪਾਇਲਟ ਮੋਡ ਵਿੱਚ ਵਾਪਿਸ ਆਉਣ ਦੀ ਕੋਸ਼ਿਸ਼ ਕਰੇਗਾ।

ਸੁਨੀਤਾ ਅਤੇ ਬੁਸ਼ ਵਿਲਮੋਰ ਨੂੰ ਲਿਆਉਣ ਕਾਰਨ ਸਤੰਬਰ ਵਿੱਚ ਆਈਐੱਸਐੱਸ ਵਿੱਚ ਜਾਣ ਵਾਲੇ ਮਸਕ ਦੇ ਪੁਲਾੜ ਯਾਨ ਵਿੱਚ ਇਸ ਵਾਰ ਚਾਰ ਦੀ ਥਾਂ ਸਿਰਫ਼ ਦੋ ਪੁਲਾੜ ਯਾਤਰੀ ਹੋਣਗੇ।

ਨਾਸਾ ਦੇ ਅਧਿਕਾਰੀ ਬਿਲ ਨੇਲਸਨ ਨੇ ਕਿਹਾ ਕਿ ਬੋਇੰਗ ਦਾ ਸਟਾਰਲਾਈਨਰ ਬਿਨ੍ਹਾਂ ਚਾਲਕ ਦਲ ਦੇ ਧਰਤੀ 'ਤੇ ਵਾਪਿਸ ਆਵੇਗਾ।' ਸੁਨੀਤਾ ਅਤੇ ਵਿਲਮੋਰ ਨੇ 13 ਜੂਨ ਨੂੰ ਵਾਪਿਸ ਆਉਣਾ ਸੀ, ਪਰ ਪੁਲਾੜ ਯਾਨ ਵਿੱਚ ਤਕਨੀਕੀ ਖਰਾਬੀ ਕਾਰਨ ਉਨ੍ਹਾਂ ਦੀ ਵਾਪਸੀ ਮੁਲਤਵੀ ਕਰ ਦਿੱਤੀ ਗਈ ਸੀ।






# ਅਦਾਕਾਰਾ ਆਸ਼ਾ ਸ਼ਰਮਾ ਦਾ 88 ਸਾਲ ਦੀ ਉਮਰ ਦਿਹਾਂਤ



ਮੁੰਬਈ, 25 ਅਗਸਤ (ਪੋਸਟ ਬਿਊਰੋ): ਮਨੋਰੰਜਨ ਜਗਤ ਦੇ ਗਲਿਆਰਿਆਂ ਤੋਂ ਇੱਕ ਦੁਖਦਾਈ ਖ਼ਬਰ ਸਾਹਮਣੇ ਆ ਆਈ ਹੈ। ਦਿੱਗਜ ਅਦਾਕਾਰਾ ਆਸ਼ਾ ਸ਼ਰਮਾ ਦਾ ਦਿਹਾਂਤ ਹੋ ਗਿਆ ਹੈ। ਆਸ਼ਾ ਸ਼ਰਮਾ ਬਾਲੀਵੁੱਡ ਦੇ ਨਾਲ-ਨਾਲ ਟੈਲੀਵਿਜ਼ਨ ਦੇ ਕਈ ਹਿੱਟ ਸ਼ੋਅਜ਼ ਦਾ ਹਿੱਸਾ ਰਹਿ ਚੁੱਕੇ ਹਨ। ਉਨ੍ਹਾਂ ਨੇ 88 ਸਾਲ ਦੀ ਉਮਰ 'ਚ ਆਖਰੀ ਸਾਹ ਲਿਆ। ਹਾਲਾਂਕਿ ਉਨ੍ਹਾਂ ਦੀ ਮੌਤ ਦੇ ਕਾਰਨਾਂ ਦੀ ਜਾਣਕਾਰੀ ਹਾਲੇ ਸਾਹਮਣੇ ਨਹੀਂ ਆਈ ਹੈ। ਆਸ਼ਾ ਸ਼ਰਮਾ ਦੇ ਦਿਹਾਂਤ ਦੀ ਖ਼ਬਰ ਸਾਹਮਣੇ ਆਉਣ ਤੋਂ ਬਾਅਦ ਜਿੱਥੇ ਮਨੋਰੰਜਨ ਜਗਤ 'ਚ ਸੋਗ ਦੀ ਲਹਿਰ ਹੈ, ਉੱਥੇ ਹੀ ਉਨ੍ਹਾਂ ਨਾਲ ਕੰਮ ਕਰਨ ਵਾਲੇ ਸਿਤਾਰੇ ਉਨ੍ਹਾਂ ਨੂੰ ਯਾਦ ਕਰਕੇ ਸੋਸ਼ਲ ਮੀਡੀਆ 'ਤੇ ਸ਼ਰਧਾਂਜਲੀ ਦੇ ਰਹੇ ਹਨ।

ਆਸ਼ਾ ਸ਼ਰਮਾ 88 ਸਾਲਾਂ ਦੇ ਸਨ, ਪਰ ਉਮਰ ਦੇ ਇਸ ਪੜਾਅ 'ਤੇ ਪਹੁੰਚ ਕੇ ਵੀ ਉਹ ਲਗਾਤਾਰ ਕੰਮ ਕਰ ਰਹੇ ਸਨ। ਆਸ਼ਾ ਸ਼ਰਮਾ ਨੂੰ ਆਖਰੀ ਵਾਰ ਵੱਡੇ ਪਰਦੇ 'ਤੇ ਫਿਲਮ "ਆਦਿਪੁਰਸ਼" ਵਿੱਚ ਦੇਖਿਆ ਗਿਆ ਸੀ, ਜਿਸ ਵਿੱਚ ਉਨ੍ਹਾਂ ਨੇ ਸਾਬਰੀ ਦਾ ਕਿਰਦਾਰ ਨਿਭਾਇਆ ਸੀ, ਹਾਲਾਂਕਿ ਇਹ ਫਿਲਮ ਫਲਾਪ ਹੋ ਗਈ ਸੀ। ਆਸ਼ਾ ਸ਼ਰਮਾ 88 ਸਾਲ ਦੀ ਉਮਰ 'ਚ ਵੀ ਅਦਾਕਾਰੀ ਦੀ ਦੁਨੀਆਂ 'ਚ ਸਰਗਰਮ ਰਹੇ ਅਤੇ ਕੰਮ ਕਰਦੇ ਹੋਏ ਇਸ ਦੁਨੀਆਂ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਏ। ਤੁਹਾਨੂੰ ਦੱਸ ਦੇਈਏ ਕਿ ਆਸ਼ਾ ਸ਼ਰਮਾ ਦੇ ਦੇਹਾਂਤ ਦੀ ਜਾਣਕਾਰੀ CINTAA ਦੇ ਅਧਿਕਾਰਤ ਸੋਸ਼ਲ ਮੀਡੀਆ ਹੈਂਡਲ 'ਤੇ ਦਿੱਤੀ ਗਈ ਹੈ।

# ਅਲਪਾਈਨ ਇੰਟਰਨੈਸ਼ਨਲ ਸਕੂਲ, ਡਿਜ਼ਨੀ ਲੈਂਡ ਸਿਵਲ ਲਾਈਨਜ਼ ਵਿਖੇ ਮਨਾਈ ਜਨਮ ਅਸ਼ਟਮੀ

ਲੁਧਿਆਣਾ, 25 ਅਗਸਤ (ਗਿਆਨ ਸਿੰਘ): ਅਲਪਾਈਨ ਇੰਟਰਨੈਸ਼ਨਲ ਸਕੂਲ, ਡਿਜ਼ਨੀ ਲੈਂਡ ਸਿਵਲ ਲਾਈਨ, ਲੁਧਿਆਣਾ ਵੱਲੋਂ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ. ਇਸ ਮੌਕੇ ਸਕੂਲੀ ਵਿਦਿਆਰਥੀ ਵੱਖ-ਵੱਖ ਰਵਾਇਤੀ ਪੁਸ਼ਾਕਾਂ ਵਿੱਚ ਸਜ ਕੇ ਸਕੂਲ ਪੁੱਜੇ. ਸਮਾਰੋਹ ਦੀ ਸ਼ੁਰੂਆਤ ਇੱਕ ਵਿਸ਼ੇਸ਼ ਅਸੈਂਬਲੀ ਨਾਲ ਹੋਈ, ਜਿੱਥੇ ਵਿਦਿਆਰਥੀਆਂ ਨੇ ਭਗਤੀ ਗੀਤ ਪੇਸ਼ ਕੀਤੇ ਅਤੇ ਭਗਵਦ ਗੀਤਾ ਦੇ ਸ਼ਲੋਕਾਂ ਦੇ ਪਾਠ ਕੀਤੇ।

ਇਸ ਪ੍ਰੋਗਰਾਮ ਦਾ ਮੁੱਖ ਆਕਰਸ਼ਨ ਭਗਵਾਨ ਕ੍ਰਿਸ਼ਨ ਦੇ ਬਚਪਨ ਦਾ ਲਾਈਵ ਨਾਟਕ ਸੰਸਕਰਨ ਸੀ। ਸਕੂਲ ਕੈਂਪਸ ਨੂੰ ਸੁੰਦਰ ਢੰਗ ਨਾਲ ਸਜਾਇਆ ਗਿਆ ਸੀ, ਜਿਸ ਨੇ ਤਿਉਹਾਰ ਦੀ ਭਾਵਨਾ ਨੂੰ ਹੋਰ ਵਧਾ ਦਿੱਤਾ ਹੈ. ਵਿਦਿਆਰਥੀਆਂ ਨੇ ਊਰਜਾ ਅਤੇ ਉਤਸ਼ਾਹ ਨਾਲ ਕ੍ਰਿਸ਼ਨ ਪੋਸ਼ਾਕ

ਮੁਕਾਬਲੇ ਵਿੱਚ ਭਾਗ ਲਿਆ. ਇਹ ਤਿਉਹਾਰ ਵਿਦਿਆਰਥੀਆਂ ਲਈ ਜਨਮ ਅਸ਼ਟਮੀ ਦੇ ਸਭਿਆਚਾਰਕ ਅਤੇ ਅਧਿਆਤਮਿਕ ਮਹੱਤਵ ਬਾਰੇ ਜਾਣਨ ਅਤੇ ਉਸ ਦੀ ਕਦਰ ਕਰਨ ਦਾ ਇੱਕ ਸ਼ਾਨਦਾਰ ਮੌਕਾ ਸੀ। ਸਕੂਲ ਪ੍ਰਬੰਧਕ ਕਮੇਟੀ ਦੀ ਤਰਫ਼ੋਂ ਇਸ ਪ੍ਰੋਗਰਾਮ ਨੂੰ ਯਾਦਗਾਰੀ



ਬਣਾਉਣ ਲਈ ਸਮੂਹ ਪ੍ਰਤੀਭਾਗੀਆਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ ਅਤੇ ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਨੂੰ ਜਨਮ ਅਸ਼ਟਮੀ ਦੀ ਵਧਾਈ ਦਿੱਤੀ।

# ਸੁਰਿੰਦਰ ਸਿੰਘ ਬਣੇ ਪੰਜਾਬ ਮੰਡੀ ਬੋਰਡ ਇੰਪਲਾਈਜ਼ ਯੂਨੀਅਨ ਦੇ ਪ੍ਰਧਾਨ

ਚੰਡੀਗੜ੍ਹ, 25ਅਗਸਤ ( ਗਿਆਨ ਸਿੰਘ): ਪੰਜਾਬ ਮੰਡੀ ਬੋਰਡ ਇੰਮਪਲਾਈਜ ਯੂਨੀਅਨ (ਰਜਿः) ਦੀਆਂ 18 ਸਾਲ ਬਾਅਦ ਹੋਈਆਂ ਚੋਣਾਂ ਵਿੱਚ ਸੁਰਿੰਦਰ ਸਿੰਘ ਗਰੁੱਪ ਨੇ ਕਲੀਨ ਸਵੀਪ ਕਰਦੇ ਹੋਏ ਵੱਡੀ ਜਿੱਤ ਪ੍ਰਾਪਤ ਕੀਤੀ ਹੈ। ਇਸ ਗਰੁੱਪ ਦਾ ਹਰ ਉਮੀਦਵਾਰ ਵਿਰੋਧੀ ਉਮੀਦਵਾਰਾਂ ਤੋ ਚੰਗੀਆਂ ਵੋਟਾਂ ਨਾਲ ਜਿੱਤਿਆ ਹੈ। ਪੰਜਾਬ ਮੰਡੀ ਬੋਰਡ ਵਿੱਚ ਹੋਈਆਂ ਚੋਣਾਂ ਸ਼ਾਤੀ ਪੂਰਨ ਮਾਹੌਲ ਵਿੱਚ ਨੇਪਰੇ ਚੜੀਆਂ। ਜਿਸ ਵਿੱਚ ਸੁਰਿੰਦਰ ਸਿੰਘ ਗਰੁੱਪ ਵੱਲੋਂ ਸੁਰਿੰਦਰ ਸਿੰਘ ਨੇ ਪ੍ਰਧਾਨ, ਗੁਰਪ੍ਰੀਤ ਸਿੰਘ ਨੇ ਮੀਤ ਪ੍ਰਧਾਨ, ਮੁਕੇਸ਼ ਕੁਮਾਰ ਨੇ ਜਨਰਲ ਸਕੱਤਰ, ਹਰੀਸ਼ ਪ੍ਰਸਾਦ ਨੇ ਪ੍ਰੈਸ ਸਕੱਤਰ ਅਤੇ ਭੁਪਿੰਦਰ ਸਿੰਘ ਨੇ ਕੈਸ਼ੀਅਰ ਦੇ ਪਦ ਤੇ ਜਿੱਤ ਹਾਸਲ ਕੀਤੀ। ਸਵੇਰੇ 9 ਵਜੇ ਤੋਂ ਸ਼ੁਰੂ ਹੋਈ ਵੋਟਿੰਗ ਸ਼ਾਮ 4 ਵਜੇ ਤੱਕ ਜਾਰੀ ਰਹੀ। ਇਸ ਵਿੱਚ ਮੁੱਖ ਦਫਤਰ, ਜਿਲ੍ਹਾ

ਮੰਡੀ ਦਫਤਰਾਂ, ਕਾਰਜਕਾਰੀ ਇੰਜੀਨੀਅਰਜ ਅਤੇ ਉਪ ਮੰਡਲ ਦਫਤਰਾਂ ਦੇ ਮੁਲਾਜਮਾਂ ਵੱਲੋ ਆਪਣੀ ਵੋਟ ਦਾ ਇਸਤੇਮਾਲ ਕੀਤਾ ਗਿਆ। ਦੇਰ ਸ਼ਾਮ ਨਤੀਜੇ ਐਲਾਨੇ ਜਾਣ ਮਗਰੋ



ਸਾਰਿਆ ਨੇ ਢੋਲ ਦੀ ਥਾਪ ਤੇ ਭੰਗੜੇ ਪਾਏ ਅਤੇ ਲੱਡੂਆ ਨਾਲ ਸਾਰਿਆ ਦਾ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ ਨਵੇ ਬਣੇ ਪ੍ਰਧਾਨ ਸੁਰਿੰਦਰ ਸਿੰਘ ਨੇ ਸਾਰੇ ਮੁਲਾਜਮ ਭਾਈਚਾਰੇ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਵਾਇਆ ਕਿ ਭਵਿੱਖ ਵਿੱਚ ਓਨ੍ਹਾਂ ਦੀ ਭਲਾਈ ਲਈ ਹਰ ਤਰ੍ਹਾਂ ਦੇ ਉਪਰਾਲੇ ਕੀਤੇ ਜਾਣਗੇ।



# ਲੋਕ ਪਹਿਲਾਂ ਵਾਂਗ ਹਰ ਗੱਲ ਨੂੰ 'ਹੋਊ ਪਰੇ' ਕਹਿ ਕੇ ਛੱਡ ਦੇਣ ਵਾਲੇ ਨਹੀਂ ਰਹਿ ਗਏ



ਜਤਿੰਦਰ ਪਨੂੰ ਦੀ ਕਲਮ ਤੋਂ

ਇਸ ਸਾਲ ਦੇ ਅਗਸਤ ਦਾ ਆਖਰੀ ਸਿਰਾ ਆ ਗਿਆ ਅਤੇ ਅਗਲੇ ਮਹੀਨੇ ਦੇ ਅੱਧ ਵਿਚਕਾਰ ਪੰਜਾਬ ਦੀ ਮੌਜੂਦਾ ਸਰਕਾਰ ਦੀ ਮਿਆਦ ਦਾ ਅੱਧ ਖਤਮ ਹੋਣ ਵਾਲਾ ਹੈ। ਜਿਹੜਾ ਢਾਈ ਸਾਲ ਸਮਾਂ ਬੀਤ ਚੱਲਿਆ ਹੈ, ਉਹ ਸੁੱਤੇ ਹੋਏ ਰਾਤ ਗੁਜ਼ਾਰਨ ਵਾਲਾ ਨਹੀਂ ਰਿਹਾ ਅਤੇ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਜਿੱਡੇ ਵਾਅਦੇ ਕਰ ਕੇ ਇਹ ਸਰਕਾਰ ਇਸ ਰਾਜ ਦੇ ਲੋਕਾਂ ਨੇ ਬਣਾਈ ਸੀ, ਉਹ ਪੂਰੇ ਹੋ ਗਏ ਹਨ। ਇੱਕ ਗੱਲ ਬਿਨਾਂ ਸ਼ੱਕ ਕਹੀ ਜਾ ਸਕਦੀ ਹੈ ਕਿ ਗਰੀਬਾਂ ਲਈ ਬਿਜਲੀ ਮੁਫਤ ਜਾਂ ਮੁਫਤ ਵਰਗੀ ਕਰ ਦੇਣ ਦਾ ਜਿਹੜਾ ਵਾਅਦਾ ਮੁੱਖ ਮੰਤਰੀ ਭਗਵੰਤ ਮਾਨ ਨੇ ਸਹੁੰ ਚੁੱਕਦੇ ਵਕਤ ਕੀਤਾ ਸੀ, ਉਹ ਪੂਰਾ ਕਰ ਦਿੱਤਾ ਗਿਆ, ਪਰ ਏਨਾ ਕੀਤਾ ਕਾਫੀ ਨਹੀਂ। ਬਹੁਤ ਸਾਰੇ ਹੋਰ ਵਾਅਦੇ ਅਜੇ ਵੀ ਅਮਲ ਦੀ ਉਡੀਕ ਵਿੱਚ ਹਨ, ਪਰ ਉਸ ਅਮਲ ਦੀ ਘੜੀ ਨੇੜੇ ਦਿਖਾਈ ਨਹੀਂ ਦੇਂਦੀ। ਕਾਰਨ ਲੱਭ ਸਕਣੇ ਤਾਂ ਮੁਸ਼ਕਲ ਨਹੀਂ, ਪਰ ਜਿਹੜੇ ਕਾਰਨ ਇਸ ਪਿੱਛੇ ਲੱਭਦੇ ਹਨ, ਉਨ੍ਹਾਂ ਦਾ ਹੱਲ ਕੱਢ ਸਕਣਾ ਇਸ ਸਰਕਾਰ ਲਈ ਹੱਦੋਂ ਵੱਧ ਔਖ ਵਾਲਾ ਹੈ ਤੇ ਇਸੇ ਲਈ ਇਹ ਗੱਲ ਯਕੀਨ ਨਾਲ ਕਹਿਣੀ ਔਖੀ ਹੈ ਕਿ ਬਾਕੀ ਰਹਿੰਦੀ ਮਿਆਦ ਵਿੱਚ ਇਹ ਸਰਕਾਰ ਹੱਥਾਂ ਉੱਤੇ ਸਰ੍ਹੋਂ ਜਮਾ ਦੇਣ ਵਰਗਾ ਕੁਝ ਖਾਸ ਕੰਮ ਕਰ ਵੀ ਸਕੇਗੀ। ਬਹੁਤਾ ਕਰ ਕੇ ਇਸ ਅੱਗੇਅੜਿੱਕੇ ਪੈਸੇ-ਧੇਲੇ ਦੀ ਤੰਗੀ ਨਾਲ ਜੁੜੇ ਹੋਏ ਹਨ।

ਸਾਨੂੰ ਯਾਦ ਹੈ ਕਿ ਮੁੱਖ ਮੰਤਰੀ ਬੇਅੰਤ ਸਿੰਘ ਇਹ ਗੱਲ ਕਈ ਵਾਰੀ ਕਹਿੰਦੇ ਹੁੰਦੇ ਸਨ ਕਿ ਪਿਛਲੇ ਸਾਲਾਂ ਵਿੱਚ ਜਿਹੜਾ ਕਰਜ਼ਾ ਸਾਡੇ ਪੰਜਾਬ ਦੇ ਸਿਰ ਚੜ੍ਹਦਾ ਗਿਆ, ਉਹ ਪੈਰਾਂ ਦਾ ਸੰਗਲ ਬਣਿਆ ਪਿਆ ਹੈ, ਕੁਝ ਕਰਨ ਨਹੀਂ ਦੇਂਦਾ। ਫਿਰ ਜਦੋਂ ਪ੍ਰਕਾਸ਼ ਸਿੰਘ ਬਾਦਲ ਆਏ ਤਾਂ ਆਉਣ ਤੋਂ ਪਹਿਲਾਂ ਕਿਹਾ ਸੀ ਕਿ ਸਾਨੂੰ ਖਜ਼ਾਨਾ ਭਰਨ ਦੀ ਅਕਲ ਹੈ, ਅਸੀਂ ਆ ਕੇ ਸਭ ਕਮੀਆਂ-ਕਮਜ਼ੋਰੀਆਂ ਦੂਰ ਕਰਾਂਗੇ ਤੇ ਪੰਜਾਬ ਨੂੰ ਤਰੱਕੀ ਦੀ ਲੀਹ ਉੱਤੇ ਪਾ ਦਿਆਂਗੇ, ਪਰ ਜਦੋਂ ਉਹੀ ਰਾਗ ਫਿਰ ਉਨ੍ਹਾਂ ਨੇ ਆਰੰਭ ਕਰ ਲਿਆ ਤਾਂ ਅਸੀਂ ਇਹ ਗੱਲ ਕਹੀ ਸੀ ਕਿ ਜਦੋਂ ਇਨ੍ਹਾਂ ਕਮਜ਼ੋਰੀਆਂ ਤੇ ਕਰਜ਼ੇ ਵਾਲੀ ਮੁਸ਼ਕਲ ਦਾ ਪਤਾ ਸੀ ਤਾਂ ਪਹਿਲਾਂ ਸੰਭਲ ਕੇ ਕੁਝ ਗੱਲ ਕਰਨੀ ਚਾਹੀਦੀ ਸੀ। ਉਹ ਰਾਜ ਦੇ ਸਿਰ ਚੜ੍ਹੇ-ਚੜ੍ਹਾਏ ਪੁਰਾਣੇ ਕਰਜ਼ਿਆਂ ਦੀ ਕਹਾਣੀ ਪਾਉਂਦੇ ਪੰਜ ਸਾਲ ਕੱਢ ਗਏ ਤਾਂ ਉਨ੍ਹਾਂ ਵਾਲੇ ਵਾਅਦੇ ਨਵੇਂ ਸ਼ਬਦਾਂ ਵਿੱਚ ਦੁਹਰਾ ਕੇ ਫਿਰ ਕਾਂਗਰਸ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੀਟ ਸੰਭਾਲ ਲਈ। ਅਮਲ ਵਿੱਚ ਉਹ ਵੀ ਪਹਿਲੇ ਦੋ ਸਾਲ ਪਹਿਲੇ ਕਰਜ਼ੇ ਹੋਣ ਦੀ ਕਹਾਣੀ ਪਾਉਂਦੇ ਰਹੇ, ਅਗਲੇ ਤਿੰਨ ਸਾਲ ਕਾਂਗਰਸੀ ਮੰਤਰੀਆਂ ਨੇ ਇਹੋ ਜਿਹੀ ਲੁੱਟ ਮਚਾ ਰੱਖੀ ਕਿ ਫਿਰ ਅਕਾਲੀਆਂ ਦਾ ਰਾਜ ਆ ਗਿਆ ਅਤੇ ਪੰਜ ਸਾਲ ਰਾਜ ਤੋਂ ਬਾਹਰ ਰਹਿਣ ਦਾ ਘਾਟਾ ਪੂਰਾ ਕਰਨ ਦੇ ਲਈ ਓਵਰਟਾਈਮ ਮੋਛੇ ਪਾਊ ਕੰਮ ਛੋਹ ਲੈਣ ਦਾ ਪ੍ਰਭਾਵ ਮਿਲਣ ਲੱਗ ਪਿਆ। ਹੱਦੋਂ ਵੱਧ ਬਦਨਾਮੀ ਦੇ ਬਾਵਜੂਦ ਉਨ੍ਹਾਂ ਦੇ ਇੱਕ ਆਪਣੇ ਬੰਦੇ ਵੱਲੋਂ ਬਣਾਈ ਪੀਪਲਜ਼ ਪਾਰਟੀ ਵੱਲੋਂ ਵਿਰੋਧ ਦੀਆਂ ਵੋਟਾਂ ਵੰਡੇ ਜਾਣ ਨਾਲ ਜਦੋਂ ਪੰਜ ਸਾਲ ਹੋਰ ਮਿਲ ਗਏ ਤਾਂ ਉਨ੍ਹਾਂ ਨੇ ਆਪਣੀ ਗੱਦੀ ਏਨੀ ਪਕੜ ਵਾਲੀ ਸਮਝ ਲਈ ਕਿ ਸਭ ਲੋਕ-ਲਾਜ ਛੱਡ ਬੈਠੇ। ਫਿਰ ਸਿੱਟੇ ਵਜੋਂ ਉਹ ਆਪਣੇ ਇਤਹਾਸ ਵਿੱਚ ਸਭ ਤੋਂ ਮਾੜੇ ਦੌਰ ਵਿੱਚ ਫਸ ਗਏ। ਆਮ ਲੋਕਾਂ ਨੂੰ ਕਾਂਗਰਸ ਜਾਂ ਅਕਾਲੀਆਂ ਦੀ ਚੰਗੀ ਜਾਂ ਮਾੜੀ ਹਾਲਤ ਨਾਲ ਮਤਲਬ ਹੋਣ ਦੀ ਥਾਂ ਓਦੋਂਇਹ ਵੱਡਾ ਝੋਰਾ ਸੀ ਕਿ ਆਗੂ ਆਉਂਦੇ ਅਤੇ ਆਪਣੀਆਂਤਿਜੌਰੀਆਂ ਭਰ ਕੇ ਖਿਸਕ ਜਾਣ ਦਾ ਅਮਲ ਚੱਲਦਾ ਹੈ, ਜਨਤਕ ਭਲੇ ਦੇ ਕੰਮ ਕਿਸੇ ਰਾਜ ਵਿੱਚ ਹੁੰਦੇ ਹੀ ਨਹੀਂ। ਇਨ੍ਹਾਂ ਹਾਲਾਤ ਵਿੱਚ ਅਜੋਕੀ ਸਰਕਾਰ ਬਣੀ ਸੀ।

ਪਿਛਲੇ ਰਾਜ-ਕਰਤਿਆਂ ਵਿੱਚੋਂ ਇੱਕ ਪਾਰਟੀ ਸਵਾ ਸੌ ਸਾਲ ਪੁਰਾਣੀ ਅਤੇ ਦੂਸਰੀ ਸਦੀ ਨੇੜੇ ਪਹੁੰਚੀ ਪਈ ਸੀ, ਉਨ੍ਹਾਂ ਬਾਰੇ ਆਮ ਲੋਕ ਚੋਖਾ ਕੁਝ ਮਾੜਾ ਵੀ ਅਤੇ ਚੰਗਾ ਵੀ ਜਾਣਦੇ ਸਨ, ਪਰ ਉਨ੍ਹਾਂ ਦੋਵਾਂ ਵੱਲੋਂ ਦੁਖੀ ਹੋਣ ਮਗਰੋਂ ਜਦੋਂ ਆਮ ਆਦਮੀ ਪਾਰਟੀ ਨੂੰ ਚੁਣਿਆਂ ਤਾਂ ਇਸ ਦਾ ਪਿਛਲਾ ਇਤਹਾਸ ਹੀ ਨਹੀਂ ਸੀ। ਨਾ ਇਸ ਦਾ ਚੰਗਾ ਤੇ ਨਾ ਕੋਈ ਮਾੜਾ ਪੱਖ ਪਤਾ ਸੀ, ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਦੇ ਵਾਰ-ਵਾਰ ਜਿੱਤਣ ਤੋਂ ਅੰਦਾਜ਼ਾ ਸੀ ਕਿ ਇਹ ਪਾਰਟੀ ਆਈ ਤਾਂ ਕੁਝ ਸਾਰਥਿਕ ਕੰਮ ਹੋਣਗੇ ਤੇ ਸ਼ਾਇਦ ਪਿਛਲਿਆਂ ਦੇ ਵਕਤ ਵਾਲੇ ਮਾੜੇ ਸੁਫਨਿਆਂ ਤੋਂ ਖਹਿੜਾ ਛੁੱਟਣ ਦਾ ਕੋਈ ਸਬੱਬ ਬਣ ਜਾਵੇਗਾ। ਅੱਜਕੱਲ੍ਹਇਹ ਸਰਕਾਰ ਵੀ ਆਪਣੇ ਕੰਮ ਓਦਾਂ ਗਿਣਾਈ ਜਾਂਦੀ ਹੈ, ਜਿਵੇਂ ਪਿਛਲੇ ਹਾਕਮ ਕਰਿਆ ਕਰਦੇ ਸਨ, ਇਸ ਪੱਖੋਂ ਕੋਈ ਖਾਸ ਫਰਕ ਨਹੀਂ ਪਿਆ ਤਾਂ ਇਹ ਗੱਲ ਵੀਲੋਕ ਬਹੁਤਾ ਨਹੀਂ ਗੌਲਦੇ। ਪਿਛਲੇ ਰਾਜ-ਕਰਿਤਆਂ ਨੇ ਜਿਹੜੀ ਲੁੱਟ ਮਚਾਈ ਪਈ ਸੀ, ਉਸ ਦੀ ਚਰਚਾ ਇਸ ਰਾਜ ਵਿੱਚ ਹੋਈ ਜਾਵੇ ਤਾਂ ਲੋਕਾਂ ਨੂੰ ਕੋਈ ਫਰਕ ਨਹੀਂ, ਪਰਉਨ੍ਹਾਂ ਵਾਂਗ ਇਹ ਵੀ ਕੀਤੇ ਹੋਏ ਵਾਅਦਿਆਂ ਦਾ ਚੇਤਾ ਕਰਨ ਦੀ ਥਾਂ ਕੀਤੇ ਕੰਮਾਂ ਦੀ ਕਹਾਣੀ ਹੀ ਸੁਣਾਈ ਜਾਣ ਤਾਂ ਆਮ ਲੋਕ ਅਵਾਜ਼ਾਰ ਹੋ ਸਕਦੇ ਹਨ। ਨਵੀਂ ਸਰਕਾਰ ਦੇ ਪਹਿਲਾਂ-ਪਹਿਲ ਕੁਝ ਵਿਧਾਇਕ ਬਦਨਾਮੀ ਦੀਆਂ ਪੰਡਾਂ ਬੰਨ੍ਹਣ ਲੱਗ ਪਏ ਤਾਂ ਗੱਲ ਜ਼ਿਆਦਾ ਨਹੀਂ ਸੀ ਚੁਭਦੀ, ਜਦੋਂ ਕੁਝ ਮੰਤਰੀਆਂ ਬਾਰੇ ਮੂੰਹੋ-ਮੂੰਹ ਆਮ ਲੋਕ ਤੇ ਸਰਕਾਰੀ ਅਹਿਲਕਾਰ ਕਿੱਸੇ ਸੁਣਾਉਣ ਲੱਗੇ ਹਨ ਤਾਂ ਇਸ ਪਾਰਟੀ ਦੀ ਪੰਜਾਬ ਦੀ ਲੀਡਰਸ਼ਿਪ, ਖਾਸ ਕਰ ਕੇ ਮੁੱਖ ਮੰਤਰੀ ਨੂੰ ਇਸ ਦੀ ਚਿੰਤਾ ਕਰਨੀ ਚਾਹੀਦੀ ਹੈ। ਕੁਝ ਲੋਕਾਂ ਦਾ ਖਿਆਲ ਹੈ ਕਿ ਲੁਟੇਰੀ ਧਾੜ ਵੱਡੀ ਅਤੇ ਇਸ ਵਹਿਣ ਅੱਗੇ ਡੱਕਾ ਲਾਉਣ ਲਈ ਮੁੱਖ ਮੰਤਰੀ ਨਾਲ ਡਟੇ ਰਹਿਣ ਵਾਲੇ ਥੋੜ੍ਹੇ ਜਿਹੇ ਹੋਣ ਕਾਰਨ ਉਹ ਬਹੁਤਾ ਕਰ ਨਹੀਂ ਸਕਦੇ। ਫਿਰ ਵੀ ਇੱਕ ਗੱਲ ਹਰ ਕੋਈ ਮੰਨਦਾ ਹੈ ਕਿ ਅੱਜ ਤੱਕ ਖੁਦ ਮੁੱਖ ਮੰਤਰੀ ਉੱਤੇ ਭ੍ਰਿਸ਼ਟਾਚਾਰ ਦਾ ਕੋਈ ਸਿੱਧਾ ਦੋਸ਼ ਕਿਸੇ ਪਾਸਿਉਂ ਨਹੀਂ ਲੱਗ ਸਕਿਆ ਅਤੇ ਇਹੋ ਗੱਲ ਲੋਕਾਂ ਵਿੱਚ ਆਸ ਦੀ ਤੰਦਅਜੇ ਟੁੱਟਣ ਨਹੀਂ ਦੇਂਦੀ, ਪਰ ਮੁੱਖ ਮੰਤਰੀ ਇਕੱਲੇ ਆਸਰੇ ਕਿਸ਼ਤੀ ਪਾਰ ਲੱਗਣ ਦੀ ਆਸ ਕਰਨੀ ਖੁਦ ਉਸ ਦੇ ਲਈ ਜਾਂ ਉਸ ਦੇ ਪ੍ਰਸੰਸਕਪੰਜਾਬੀਆਂ ਨੂੰ ਔਖੀ ਲੱਗਣ ਲੱਗ ਸਕਦੀ ਹੈ।

ਇਸ ਮਾਮਲੇ ਵਿੱਚ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਸਰਕਾਰ ਦੇ ਵਿਕਾਸ ਦੇ ਕੰਮ ਇਸ ਲਈ ਲਟਕੀ ਜਾਂਦੇ ਹਨ ਕਿ ਪੈਸਾ ਇਸ ਕੋਲ ਲੋੜ ਜੋਗਾ ਨਹੀਂ ਤੇ ਇਸ ਦੇ ਬਹੁਤ ਸਾਰੇ ਫੰਡ ਕੇਂਦਰ ਦੀ ਸਰਕਾਰ ਨੇ ਬਿਨਾਂ ਵਜ੍ਹਾ ਅਟਕਾਏ ਹੋਏ ਹਨ। ਹਰ ਛੋਟੀ-ਮੋਟੀ ਗੱਲ ਲਈ, ਏਥੋਂ ਤੱਕ ਕਿ ਪੇਂਡੂ ਵਿਕਾਸ ਫੰਡ ਦੇ ਬਕਾਏ ਲੈਣ ਵਾਸਤੇ ਵੀ ਪੰਜਾਬ ਸਰਕਾਰ ਨੂੰ ਸੁਪਰੀਮ ਕੋਰਟ ਜਾਣਾ ਪੈ ਰਿਹਾ ਹੈ, ਕੁਝ ਹੋਰ ਰਾਜਾਂ ਦੀਆਂ ਸਰਕਾਰਾਂ ਨੂੰ ਵੀ ਇਹੋ ਕੁਝ ਕਰਨਾ ਪੈਂਦਾ ਹੈ ਤੇ ਜਿਸ ਕਿਸੇ ਰਾਜ ਵਿੱਚ ਭਾਜਪਾ ਦਾ ਮੁੱਖ ਮੰਤਰੀ ਹੁੰਦਾ ਹੈ, ਓਥੇ ਇਹੋ ਜਿਹੀ ਕੋਈ ਮੁਸ਼ਕਲ ਨਹੀਂ ਰਹਿੰਦੀ। ਕੇਂਦਰ ਸਰਕਾਰ ਰੱਜਵੇਂ ਫੰਡ ਸਿੱਧੇ ਅਲਾਟ ਕਰਨ ਦੀ ਥਾਂ ਉਸ ਰਾਜ ਦੇ ਪ੍ਰਾਜੈਕਟਾਂ ਨੂੰ ਸਿਰੇ ਚਾੜ੍ਹਨ ਦੀ ਜ਼ਿੰਮੇਵਾਰੀ ਆਪਣੇ ਸਿਰ ਚੁੱਕ ਕੇ ਉਨ੍ਹਾਂ ਦਾ ਸਾਹ ਸੌਖਾ ਕਰਦੀ ਰਹਿੰਦੀ ਹੈ। ਪੰਜਾਬ ਦੀ ਮੌਜੂਦਾ ਸਰਕਾਰ ਦੀ ਅੱਧੀ ਮਿਆਦ ਏਸੇ ਚੱਕਰ ਵਿੱਚ ਨਿਕਲ ਗਈ ਅਤੇ ਬਾਕੀ ਢਾਈ ਸਾਲ ਵੀ ਕੇਂਦਰ ਸਰਕਾਰ ਏਸੇ ਤਰ੍ਹਾਂ ਮੁਸ਼ਕਾਂ ਕੱਸਣ ਦਾ ਯਤਨ ਕਰ ਸਕਦੀ ਹੈ। ਜਦੋਂ ਇਹ ਗੱਲ ਪਤਾ ਹੋਵੇ ਕਿ ਕੇਂਦਰ ਸਰਕਾਰ ਤੋਂ ਬਹੁਤਾ ਕੁਝ ਮਿਲਣ ਵਾਲਾ ਨਹੀਂ, ਸਗੋਂ ਜਿੰਨਾ ਪੰਜਾਬ ਦਾ ਹੱਕ ਹੈ, ਉਹ ਵੀ ਰੋਕਿਆ ਜਾ ਰਿਹਾ ਹੈ ਤਾਂ ਪੰਜਾਬ ਸਰਕਾਰ ਨੂੰ ਆਪਣੇ ਵਸੀਲਿਆਂ ਨਾਲ ਬੁੱਤਾ ਸਾਰਨ ਲਈ ਪੇਟ ਉੱਤੇ ਪੇਟੀ ਘੁੱਟ ਕੇ ਬੰਨ੍ਹਣ ਦੇ ਦਾਅ ਵਾਂਗ ਖਰਚੇ ਸੰਕੋਚ ਨਾਲ ਕਰਨੇ ਅਤੇ ਲੋਕਾਂ ਦੇ ਹਿੱਤ ਦੇ ਕੰਮ ਸਿਰੇ ਚਾੜ੍ਹਨ ਨੂੰ ਪਹਿਲ ਦੇਣੀ ਚਾਹੀਦੀ ਹੈ। ਆਪਣੇ ਟਿਕਟ ਉੱਤੇ ਚੁਣ ਕੇ ਆਏ ਪ੍ਰਤੀਨਿਧਾਂ ਦੀ ਨਕੇਲ ਵੀ ਖਿੱਚਣ ਦੀ ਲੋੜ ਹੈ, ਵਰਨਾ ਉਹ ਜਿਸ ਤਰ੍ਹਾਂ ਹਰ ਪ੍ਰਾਜੈਕਟ ਦਾ ਕੰਮ ਕਰਦੇ ਪਏ ਠੇਕੇਦਾਰਾਂ ਅਤੇ ਅਧਿਕਾਰੀਆਂ ਤੋਂ ਕਮਿਸ਼ਨ ਲੈਣ ਅਤੇ ਪਹਿਲੀਆਂ ਸਰਕਾਰਾਂ ਦੇ ਵਕਤ ਤੋਂ ਵੱਧ ਕਮਿਸ਼ਨ ਲੈਣ ਦੇ ਰਾਹ ਪਏ ਸੁਣੀਂਦੇ ਹਨ, ਸਰਕਾਰ ਦੇ ਉਹ ਆਪਣੇ ਬੰਦੇ ਹੀ ਇਸ ਸਰਕਾਰ ਦੇ ਜੜ੍ਹੀਂ ਬੈਠ ਸਕਦੇ ਹਨ।

ਜਿਹੜੀ ਗੱਲ ਇਸ ਸਰਕਾਰ ਦੇ ਪੱਖ ਵਿੱਚ ਨਾ ਸਿਰਫ ਚੰਗੀ ਹੈ, ਸਗੋਂ ਜਿਸ ਬਾਰੇ ਕਿਸੇ ਪਾਸਿਉਂ ਕਿੰਤੂ ਕਰਨ ਦੀ ਚਰਚਾ ਬਹੁਤੀ ਨਹੀਂ ਸੁਣੀ, ਉਹ ਇਸ ਦੇ ਰਾਜ ਵਿੱਚ ਨੌਕਰੀਆਂ ਦੀ ਵੰਡ ਭ੍ਰਿਸ਼ਟਾਚਾਰ ਤੋਂ ਬਿਨਾਂ ਸਿਰੇ ਚੜ੍ਹਦੇ ਜਾਣਾ ਹੈ। ਅਸੀਂ ਲੋਕ ਪਿਛਲੇ ਤੀਹ ਸਾਲਾਂ ਤੋਂ ਵੱਧ ਸਮੇਂ ਤੋਂ ਇਹ ਵੇਖਦੇ ਆਏ ਹਾਂ ਕਿ ਜਦੋਂ ਵੀ ਕਿਸੇ ਮਹਿਕਮੇ ਵਾਸਤੇ ਕਿਸੇ ਵੱਡੇ ਜਾਂ ਛੋਟੇ ਪੱਧਰ ਦੇ ਕਰਮਚਾਰੀਆਂ ਦੀ ਭਰਤੀ ਕੀਤੀ ਜਾਂਦੀ ਸੀ ਤਾਂ ਉਸ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ ਲਾ ਕੇ ਹਾਈ ਕੋਰਟ ਵਿੱਚ ਝਟਾਪਟ ਪਟੀਸ਼ਨਾਂ ਦਾਇਰ ਹੋਣ ਲੱਗਦੀਆਂ ਸਨ। ਮੌਜੂਦਾ ਸਰਕਾਰ ਦੇ ਰਾਜ ਵਿੱਚ ਅਜੇ ਤੱਕ ਭਰਤੀਆਂ ਕਰਨ ਦਾ ਕੋਈ ਮਾਮਲਾ ਭ੍ਰਿਸ਼ਟਾਚਾਰ ਦੀ ਚਰਚਾ ਵਿੱਚ ਆਇਆ ਹੋਣ ਦੀ ਖਾਸ ਖਬਰ ਨਹੀਂ ਚੱਲਦੀ ਸੁਣੀਂਦੀ। ਇਨ੍ਹਾਂ ਨੇ ਆਣ ਕੇ ਭਰਤੀ ਕਰਨ ਵਾਲੇ ਅਫਸਰ ਕਿਸੇ ਬਾਹਰਲੇ ਰਾਜ ਜਾਂ ਕਿਸੇ ਬਾਹਰਲੇ ਦੇਸ਼ ਤੋਂ ਨਹੀਂ ਲਿਆ ਕੇ ਲਾਏ, ਅਫਸਰ ਉਹ ਹੀ ਹਨ, ਸਿਰਫ ਨਿਗਰਾਨੀ ਵਾਲਾ ਤੰਤਰ ਸੁਧਾਰਿਆ ਹੋਣ ਦੀ ਗੱਲ ਪਤਾ ਲੱਗਦੀ ਹੈ। ਘੱਟੋ-ਘੱਟ ਭਰਤੀ ਵਾਲਾ ਕਾਰਜ ਹੀ ਜੇ ਇਸ ਤਰ੍ਹਾਂ ਕੀਤਾ ਜਾਂਦਾ ਰਿਹਾ ਤਾਂ ਨੇਕ-ਨੀਤੀ ਦੇ ਇੱਕ ਸਬੂਤ ਵਜੋਂ ਪੇਸ਼ ਕਰਨਾ ਇਨ੍ਹਾਂ ਲਈ ਅਗਲੀਆਂ ਚੋਣਾਂ ਦੇ ਵਕਤ ਕੰਮ ਆ ਸਕਦਾ ਹੈ। ਤਦ ਵੀ ਤਸਵੀਰ ਦੇ ਚੰਗੇ ਨਾਲੋਂ ਵਿਗਾੜ ਵਾਲੇ ਪੱਖ ਲੋਕੀਂ ਵੱਧ ਨੀਝ ਨਾਲ ਵੇਖਣ ਦੇ ਆਦੀ ਹਨ ਅਤੇ ਉਨ੍ਹਾਂ ਵਿਗਾੜ ਵਾਲੇ ਪੱਖਾਂ ਬਾਰੇ ਵਕਤ ਰਹਿੰਦਿਆਂ ਨਾ ਸੋਚਿਆ ਤਾਂ ਜਿੱਦਾਂ ਪਿਛਲੇ ਢਾਈ ਸਾਲ ਗੁਜ਼ਰ ਗਏ ਲੱਗਦੇ ਹਨ, ਏਦਾਂ ਹੀ ਬਾਕੀ ਢਾਈ ਸਾਲ ਲੰਘ ਜਾਣਗੇ ਅਤੇ ਲੋਕਾਂ ਦੀ ਤਸੱਲੀ ਕਰਾਉਣੀ ਔਖੀ ਹੋ ਸਕਦੀ ਹੈ।

ਚਿਰਾਂ ਦੇ ਪਏ ਵਿਗਾੜ ਵਾਲੇ ਜਿਹੜੇ ਪੱਖਾਂ ਦਾ ਅਜੇ ਤੱਕ ਪੰਜਾਬ ਦੀ ਮੌਜੂਦਾ ਸਰਕਾਰ ਕੋਈ ਇਲਾਜ ਕਰ ਸਕਣ ਵਿੱਚ ਸਫਲ ਨਹੀਂ ਹੋਈ, ਉਨ੍ਹਾਂ ਵਿੱਚੋਂ ਇੱਕ ਵੱਡਾ ਪੱਖ ਨਸ਼ਿਆਂ ਦਾ ਵਹਿਣ ਰੋਕਿਆ ਨਾ ਜਾਣਾ ਹੈ। ਸਰਕਾਰ ਨੇ ਜਿੰਨੀਆਂ ਟੀਮਾਂ ਇਸ ਕੰਮ ਵਿੱਚ ਲਾਈਆਂ ਸਨ, ਉਹ ਬਹੁਤ ਵੱਡੀ ਕਾਮਯਾਬੀ ਇਹ ਦੱਸਦੀਆਂ ਹਨ ਕਿ ਐਨੇ ਤਸਕਰਾਂ ਨੂੰ ਫੜਿਆ ਅਤੇ ਐਨਿਆਂ ਦੀ ਜਾਇਦਾਦ ਅਟੈਚ ਜਾਂ ਕੁਰਕ ਕਰਵਾਈ ਹੈ। ਜ਼ਰੂਰ ਕਰਵਾਈ ਹੋ ਸਕਦੀ ਹੈ, ਪਰ ਇਸ ਦੇ ਨਾਲ ਇਹ ਸੱਚਾਈ ਛੁਪਾਈ ਨਹੀਂ ਜਾ ਸਕਦੀ ਕਿ ਅੱਜ ਵੀ ਹਰ ਰੋਜ਼ ਪੰਜਾਬ ਵਿੱਚੋਂ ਵੱਖ-ਵੱਖ ਥਾਂਵਾਂ ਤੋਂ ਨਸ਼ੀਲੇ ਪਦਾਰਥ ਦੀ ਵਰਤੋਂ ਨਾਲ ਨੌਜਵਾਨਾਂ ਦੀਆਂ ਮੌਤਾਂ ਹੋਣ ਦੀਆਂ ਖਬਰਾਂ ਆ ਰਹੀਆਂ ਹਨ ਤੇ ਹਰ ਇਹੋ ਜਿਹੀ ਮੌਤ ਮਗਰੋਂ ਓਥੋਂ ਦੇ ਲੋਕ ਸੜਕਾਂ ਰੋਕਦੇ ਅਤੇ ਥਾਣਿਆਂ ਦਾ ਘਿਰਾਉ ਕਰਦੇ ਹਨ। ਨਸ਼ਿਆਂ ਦੀ 'ਹੋਮ ਡਿਲਿਵਰੀ' ਦਾ ਜਿਹੜਾ ਨੈੱਟਵਰਕ ਇਸ ਰਾਜ ਵਿੱਚ ਬੀਤੇ ਸਾਲਾਂ ਵਿੱਚ ਕਾਇਮ ਕਰ ਦਿੱਤਾ ਜਾਣ ਬਾਰੇ ਅਸੀਂ ਓਦੋਂ ਤੋਂ ਸੁਣਦੇ ਆਏ ਸਾਂ, ਉਹ ਅਜੇ ਵੀ ਕਾਇਮ ਹੈ, ਉਸ ਦੀ ਕੋਈ ਖਾਸ ਤੰਦ ਕਿਸੇ ਥਾਂ ਤੋਂ ਟੁੱਕੀ ਨਹੀਂ ਜਾ ਸਕੀ। ਛੋਟੀਆਂ ਮੱਛੀਆਂ ਅਤੇ ਪੂੰਗ ਜਿਹੇ ਫੜੇ ਜਾਂਦੇ ਹਨ, ਇਸ ਧੰਦੇ ਵਿੱਚ ਲੱਗੇ ਹੋਏ ਵੱਡੇ ਮਗਰਮੱਛਾਂ ਦਾ ਕੋਈ ਵਾਲਾ ਵਿੰਗਾ ਹੋਣ ਦੀ ਝਲਕ ਲੋਕਾਂ ਨੂੰ ਨਹੀਂ ਮਿਲਦੀ। ਏਦਾਂ ਦਾ ਦੂਸਰਾ ਨਾਜਾਇਜ਼ ਧੰਦਾ ਮਾਈਨਿੰਗ ਦਾ ਹੈ, ਜਿਹੜਾ ਚੱਲਦਾ ਭਾਵੇਂ ਭਾਰਤ ਦੇ ਹਰ ਰਾਜ ਵਿੱਚ ਪਿਆ ਹੈ, ਸਾਨੂੰ ਇਸ ਦੇ ਨਾਲ ਕੋਈ ਮਤਲਬ ਨਹੀਂ ਕਿ ਕਿਸ ਰਾਜ ਵਿੱਚ ਏਦਾਂ ਦਾ ਕੀ ਹੁੰਦਾ ਹੈ, ਪੰਜਾਬ ਦੇ ਲੋਕਾਂ ਨੂੰ ਇਸ ਦਾ ਫਿਕਰ ਹੈ ਕਿ ਸਾਡੇ ਪੰਜਾਬ ਵਿੱਚ ਇਸ ਨੂੰ ਹਾਲੇ ਤੱਕ ਨੱਥ ਨਹੀਂ ਪਾਈ ਜਾ ਸਕੀ। ਤੀਹ ਕੁ ਸਾਲ ਪਹਿਲਾਂ ਤੱਕ ਇਸ ਧੰਦੇ ਵਿੱਚ ਗੜੁੱਚ ਲੋਕ ਸਿਰਫ ਰਾਜ ਕਰਦੀ ਪਾਰਟੀ ਦੇ ਆਗੂਆਂ ਵਾਸਤੇ ਹਿੱਸਾ ਕੱਢਿਆ ਕਰਦੇ ਸਨ, ਫਿਰ ਮੌਜੂਦਾ ਹਾਕਮਾਂ ਦੇ ਨਾਲ ਰਾਜ ਕਰ ਚੁੱਕੇ ਆਗੂਆਂ ਦਾ ਵੀ ਹਿਸਾ ਕੱਢਣ ਲੱਗ ਪਏ ਕਿ ਭਲਕ ਨੂੰ ਇਨ੍ਹਾਂ ਦਾ ਰਾਜ ਆ ਗਿਆ ਤਾਂ ਤੰਗ ਕਰਨਗੇ। ਅੱਜਕੱਲ੍ਹ ਇਸ ਤੋਂ ਅੱਗੇ ਗੱਲ ਵਧ ਗਈ ਤੇ ਰਾਜ ਕਰ ਚੁੱਕੀਆਂ ਦੋ ਧਿਰਾਂ ਦੇ ਨਾਲ ਮੌਜੂਦਾ ਧਿਰ ਦੇ ਕਈ ਵਿਧਾਇਕਾਂ, ਕੁਝ ਕੁ ਮੰਤਰੀਆਂ ਅਤੇ ਕੁਝ ਚੁਣਵੇਂ ਚੇਅਰਮੈਨਾਂ ਦਾ ਹਿੱਸਾ ਕੱਢਿਆ ਜਾਂਦਾ ਅਤੇ ਫਿਰ ਰਾਤ ਦੇ ਵਕਤ ਉਨ੍ਹਾਂ ਦੇ ਘਰੀਂ ਪੁਚਾਇਆ ਜਾਣ ਲੱਗਾ ਹੈ। ਇਹੋ ਜਿਹਾ ਵਿਹਾਰ ਆਮ ਲੋਕਾਂ ਤੋਂ ਲੁਕਿਆ ਨਹੀਂ ਰਹਿੰਦਾ, ਉਹ ਇਸ ਬਾਰੇ ਮੂੰਹੋਂ-ਮੂੰਹ ਗੱਲਾਂ ਕਰਦੇ ਪਏ ਹਨ।

ਗੱਲ ਮੁੜ ਕੇ ਓਸੇ ਥਾਂ ਆ ਜਾਂਦੀ ਹੈ, ਜਿੱਥੋਂ ਸ਼ੁਰੂ ਕੀਤੀ ਗਈ ਸੀ। ਸਰਕਾਰ ਦੀ ਅੱਧੀ ਮਿਆਦ ਲੰਘੀ ਜਾ ਰਹੀ ਹੈ ਅਤੇ ਜਿੱਦਾਂ ਇਸ ਢਾਈ ਸਾਲ ਦੇ ਅਰਸੇ ਦੌਰਾਨ ਆਮ ਲੋਕਾਂ ਦੀ ਚਰਚਾ ਦਾ ਕਈ ਸਾਲਾਂ ਤੋਂ ਵਿਸ਼ਾ ਬਣਦੇ ਆਏ ਮੁੱਦਿਆਂ ਬਾਰੇ ਜ਼ਿਆਦਾ ਕੰਮ ਨਹੀਂ ਹੋਇਆ, ਜੇ ਬਾਕੀ ਸਮੇਂ ਵਿੱਚ ਇਹੀ ਹਾਲ ਰਿਹਾ ਤਾਂ ਸਰਕਾਰ ਦਾ ਬਣੇਗਾ ਕੀ? ਲੋਕ ਕਿਸੇ ਨੂੰ ਦੋਬਾਰਾ ਪੇਪਰ ਦੇਣ ਦਾ ਚਾਂਸ ਦੇਣ ਦੇ ਆਦੀ ਨਹੀਂ ਤੇ ਇੱਕ ਵਾਰੀ ਜਦੋਂ ਉਨ੍ਹਾਂ ਨੇ ਅਕਾਲੀ-ਭਾਜਪਾ ਸਰਕਾਰ ਦੁਹਰਾ ਕੇ ਅਨਰਥ ਹੁੰਦਾ ਭੁਗਤਿਆ ਹੋਇਆ ਹੈ, ਉਸ ਦਾ ਚੇਤਾ ਸਭ ਨੂੰ ਰੱਖਣਾ ਚਾਹੀਦਾ ਹੈ। ਲੋਕ ਪਹਿਲੇ ਸਮੇਂ ਵਾਂਗ ਸਿੱਧੜ ਨਹੀਂ ਰਹੇ, ਉਹ ਹੁੰਦਾ ਸਭ ਕੁਝ ਅੱਖੀਂ ਵੇਖਦੇ ਅਤੇ ਜਿਹੜਾ ਕੁਝ ਅੱਖੋਂ ਪਰੋਖੇ ਹੁੰਦਾ ਸੁਣਿਆ ਜਾ ਸਕਦਾ ਹੈ, ਉਸ ਦੀ ਚਰਚਾ ਬਾਰੇ ਵੀ 'ਹੋਊ ਪਰੇ' ਕਹਿਣ ਅਤੇ ਅੱਖਾਂ ਫੇਰ ਲੈਣ ਵਾਲੇ ਨਹੀਂ ਰਹਿ ਗਏ। ਅਗਲੀ ਚੋਣ ਦੌਰਾਨ ਲੋਕ ਬੀਤੇ ਸਾਢੇ ਤਿੰਨ ਦਹਾਕਿਆਂ ਦੇ ਹੱਡੀਂ ਹੰਢਾਏ ਤਜਰਬੇ ਭੁੱਲਣ ਨਹੀਂ ਲੱਗੇ। ਇਹ ਕੁਝ ਅਗੇਤਾ ਸੋਚ ਲੈਣਾ ਚਾਹੀਦਾ ਹੈ।

# ਪੇਂਡੂ ਔਰਤਾਂ ਆਰਥਿਕ ਪੱਖੋਂ ਪਛੜ ਰਹੀਆਂ ਹਨ

ਵਿਜੈ ਗਰਗ

ਰਾਸ਼ਟਰੀ ਸਿਹਤ ਸਰਵੇਖਣ ਦਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਭਾਰਤ ਦੀ ਲਗਭਗ ਅੱਧੀ ਆਬਾਦੀ (ਲਗਭਗ 48 ਪ੍ਰਤੀਸ਼ਤ) ਹੋਣ ਦੇ ਬਾਵਜੂਦ, ਔਰਤਾਂ ਜੀਡੀਪੀ ਵਿੱਚ ਸਿਰਫ 18 ਪ੍ਰਤੀਸ਼ਤ ਦਾ ਯੋਗਦਾਨ ਪਾਉਂਦੀਆਂ ਹਨ, ਇਸ ਅੰਤਰ ਨੂੰ ਪੇਂਡੂ ਔਰਤਾਂ ਦੁਆਰਾ ਦਰਪੇਸ਼ ਵੱਖ-ਵੱਖ ਚੁਣੌਤੀਆਂ ਦਾ ਕਾਰਨ ਮੰਨਿਆ ਜਾਂਦਾ ਹੈ। ਸੀਮਤ ਮੌਕੇ, ਸਿੱਖਿਆ ਦੀ ਘਾਟ, ਅਤੇ ਕ੍ਰੈਡਿਟ ਤੱਕ ਸੀਮਤ ਪਹੁੰਚ। ਇੱਕ ਰਿਪੋਰਟ ਦੇ ਅਨੁਸਾਰ, ਇਸ ਲਿੰਗ ਪਾੜੇ ਨੂੰ ਪੂਰਾ ਕਰਨ ਲਈ, ਭਾਰਤ ਦੀ ਜੀਡੀਪੀ 2025 ਤੱਕ 18 ਪ੍ਰਤੀਸ਼ਤ ਵਧੇਗੀ।ਵਾਧਾ ਹੋ ਸਕਦਾ ਹੈ। ਇਹ ਇੱਕ ਯੋਗ ਵਾਤਾਵਰਣ ਬਣਾਉਣ ਦੀ ਲੋੜ ਨੂੰ ਰੇਖਾਂਕਿਤ ਕਰਦਾ ਹੈ। ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਪਛਾਣਦੇ ਹੋਏ, ਰਾਸ਼ਟਰੀ ਗ੍ਰਾਮੀਣ ਆਜੀਵਿਕਾ ਮਿਸ਼ਨ ਵਰਗੀਆਂ ਪਹਿਲਕਦਮੀਆਂ ਦਾ ਉਦੇਸ਼ ਇਸ ਪਾੜੇ ਨੂੰ ਪੂਰਾ ਕਰਨਾ ਅਤੇ ਪੇਂਡੂ ਔਰਤਾਂ ਲਈ ਰੋਜ਼ੀ-ਰੋਟੀ ਦੇ ਮੌਕਿਆਂ ਦਾ ਵਿਸਤਾਰ ਕਰਨਾ ਚਾਹੀਦਾ ਹੈ। ਜਲਵਾਯੂ ਤਬਦੀਲੀ ਦਾ ਅਸਰ ਪੇਂਡੂ ਔਰਤਾਂ 'ਤੇ ਵੀ ਪੈ ਰਿਹਾ ਹੈ। ਦਰਅਸਲ, ਪੇਂਡੂ ਔਰਤਾਂ ਅਕਸਰ ਦੁਨੀਆ ਦੇ ਸਭ ਤੋਂ ਗਰੀਬ ਵਰਗਾਂ ਵਿੱਚੋਂ ਹੁੰਦੀਆਂ ਹਨ ਅਤੇ ਆਪਣੀ ਰੋਜ਼ੀ-ਰੋਟੀ ਲਈ ਸਥਾਨਕ ਕੁਦਰਤੀ ਸਰੋਤਾਂ 'ਤੇ ਜ਼ਿਆਦਾ ਨਿਰਭਰ ਹੁੰਦੀਆਂ ਹਨ। ਇਹ ਤਬਦੀਲੀ ਪੀਣ ਵਾਲੇ ਪਾਣੀ, ਭੋਜਨ ਅਤੇ ਬਾਲਣ ਦੀ ਸੁਰੱਖਿਆ ਨੂੰ ਪ੍ਰਭਾਵਤ ਕਰੇਗੀ।ਇਸ ਦਾ ਸਮਾਜ 'ਤੇ ਅਸਰ ਪੈਂਦਾ ਹੈ, ਜਿਸ ਲਈ ਔਰਤਾਂ ਵੀ ਜ਼ੰਮੇਵਾਰ ਹਨ। ਸੋਕੇ ਅਤੇ ਅਨਿਯਮਿਤ ਬਾਰਿਸ਼ ਕਾਰਨ ਔਰਤਾਂ ਨੂੰ ਪਾਣੀ ਅਤੇ ਬਾਲਣ ਇਕੱਠਾ ਕਰਨ ਵਿੱਚ ਜ਼ਿਆਦਾ ਸਮਾਂ ਲਗਾਉਣਾ ਪੈਂਦਾ ਹੈ। ਇਸ ਨਾਲ ਫ਼ਸਲਾਂ ਅਤੇ ਪਸ਼ੂਆਂ ਦੀ ਸਿਹਤ 'ਤੇ ਵੀ ਮਾੜਾ ਅਸਰ ਪੈਂਦਾ ਹੈ, ਜਿਸ ਕਾਰਨ ਔਰਤਾਂ ਨੂੰ ਘੱਟ ਭੋਜਨ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਸਮਾਜਿਕ ਢਾਂਚੇ, ਵਿਤਕਰੇ ਭਰੇ ਨਿਯਮਾਂ ਅਤੇ ਕਮਜ਼ੋਰ ਸੰਸਥਾਵਾਂ ਕਾਰਨ ਔਰਤਾਂ ਨੂੰ ਮਰਦਾਂ ਦੇ ਮੁਕਾਬਲੇ ਘਰੇਲੂ ਕੰਮਾਂ ਅਤੇ ਬੱਚਿਆਂ ਦੀ ਦੇਖਭਾਲ ਦਾ ਬੋਝ ਜ਼ਿਆਦਾ ਝੱਲਣਾ ਪੈਂਦਾ ਹੈ। ਇਹ ਉਹਨਾਂ ਦੇ ਸਿੱਖਿਆ ਅਤੇ ਰੁਜ਼ਗਾਰ ਦੇ ਮੌਕੇ ਸੀਮਤ ਕਰਦਾ ਹੈ। ਜਲਵਾਯੂਪੇਂਡੂ ਔਰਤਾਂ ਨੂੰ ਤਬਦੀਲੀ ਦੇ ਅਨੁਕੂਲ ਹੋਣ ਦੀ ਅਗਵਾਈ ਦਿੱਤੀ ਜਾ ਸਕਦੀ ਹੈ। ਉਨ੍ਹਾਂ ਦੇ ਹੁਨਰ ਅਤੇ ਯੋਗਤਾਵਾਂ ਨੂੰ ਵਿਕਸਿਤ ਕੀਤਾ ਜਾ ਸਕਦਾ ਹੈ। ਲਿੰਗ-ਕੇਂਦਰਿਤ ਜਨਤਕ ਨੀਤੀਆਂ ਬਣਾਈਆਂ ਜਾ ਸਕਦੀਆਂ ਹਨ। ਪੇਂਡੂ ਔਰਤਾਂ ਲਈ ਰੋਜ਼ੀ-ਰੋਟੀ ਦੇ ਪ੍ਰੋਗਰਾਮਾਂ ਨੇ ਪਿਛਲੇ ਦਹਾਕੇ ਦੌਰਾਨ ਉਨ੍ਹਾਂ ਦੇ ਭਾਈਚਾਰਿਆਂ ਵਿੱਚ ਅਸਾਧਾਰਨ ਯੋਗਦਾਨ ਪਾਇਆ ਹੈ।

ਪੇਂਡੂ ਔਰਤਾਂ ਦੇ ਅਣਥੱਕ ਯਤਨਾਂ ਨੂੰ ਪਛਾਣਨਾ ਦੂਜਿਆਂ ਨੂੰ ਪ੍ਰੇਰਿਤ ਕਰਦਾ ਹੈ। ਇਹ ਵਧੇਰੇ ਟਿਕਾਊ ਰੋਜ਼ੀ-ਰੋਟੀ ਵਾਲੇ ਭਵਿੱਖ ਵੱਲ ਬਹੁਤ-ਜ਼ਰੂਰੀ ਤਬਦੀਲੀ ਨੂੰ ਦਰਸਾਉਂਦਾ ਹੈ। ਭਾਵੇਂ ਸਰਕਾਰ ਆਪਣੇ ਪੱਧਰ 'ਤੇ ਯਤਨ ਕਰ ਰਹੀ ਹੈ ਪਰ ਆਮ ਆਦਮੀ ਦੀ ਸਮਾਜਿਕ ਹਾਲਤ 'ਤੇ ਕੋਈ ਅਸਰ ਨਹੀਂ ਪੈ ਰਿਹਾ।ਚਿੰਤਾਵਾਂ ਤੋਂ ਬਿਨਾਂ ਟੀਚਿਆਂ ਤੱਕ ਪਹੁੰਚਣਾ ਆਸਾਨ ਨਹੀਂ ਹੈ। "ਵਧੇਰੇ ਬਰਾਬਰੀ ਵਾਲੇ ਸਮਾਜ ਲਈ ਔਰਤਾਂ ਨੂੰ ਸਸ਼ਕਤ ਕਰਨ ਦੇ ਨਾਲ, ਉਹਨਾਂ ਦੀ ਆਜੀਵਿਕਾ 'ਤੇ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ 'ਤੇ ਵੀ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਮੌਸਮ ਦੇ ਵਧਦੇ ਤਾਪਮਾਨ ਅਤੇ ਬਦਲਦੇ ਮੀਂਹ ਦੇ ਪੈਟਰਨ ਤੇਜ਼ੀ ਨਾਲ ਬਦਲ ਰਹੇ ਹਨ, ਜੋ ਕਿ ਜਲਵਾਯੂ ਵੱਲ ਇਸ਼ਾਰਾ ਕਰਦੇ ਹਨ 28 ਕਾਨਫਰੰਸ ਵਿੱਚ ਬਦਲਾਅ ਦੇ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ, ਇਹ ਕਿਹਾ ਗਿਆ ਹੈ ਕਿ ਜੀਵਨ 'ਤੇ ਜਲਵਾਯੂ ਪਰਿਵਰਤਨ ਦੇ ਪ੍ਰਭਾਵ ਨੂੰ ਦੇਖਣ ਲਈ ਪੇਂਡੂ ਭਾਰਤ ਵੱਲ ਮੁੜਨਾ।ਹੋ ਜਾਵੇਗਾ. ਮਹਾਰਾਸ਼ਟਰ 'ਚ ਰੋਜ਼ੀ-ਰੋਟੀ ਦੇ ਪ੍ਰੋਗਰਾਮਾਂ 'ਤੇ ਚਰਚਾ ਹੋ ਰਹੀ ਹੈ ਅਤੇ ਉੱਥੇ ਵੱਡੇ ਬਦਲਾਅ ਦੇਖਣ ਨੂੰ ਮਿਲ ਰਹੇ ਹਨ। ਇਸੇ ਤਰ੍ਹਾਂ ਦੂਜੇ ਰਾਜਾਂ ਵਿੱਚ ਵੀ ਰੋਜ਼ੀ-ਰੋਟੀ ਦੇ ਪ੍ਰੋਗਰਾਮਾਂ ਦੇ ਅਣਕਿਆਸੇ ਨਤੀਜੇ ਦੇਖਣ ਨੂੰ ਮਿਲ ਰਹੇ ਹਨ। ਹਾਲਾਂਕਿ, ਅਜੇ ਵੀ ਕੋਸ਼ਿਸ਼ਾਂ ਨੂੰ ਹੋਰ ਤੇਜ਼ ਕਰਨ ਦੀ ਲੋੜ ਹੈ, ਜਿਸ ਲਈ ਕਦਮ ਚੁੱਕਣੇ ਪੈਣਗੇ। ਅਜਿਹੇ ਪ੍ਰੋਗਰਾਮਾਂ ਨਾਲ ਜੁੜੇ ਸਮਾਜ ਸੇਵੀਆਂ ਦਾ ਕਹਿਣਾ ਹੈ ਕਿ ਬਦਲਦੇ ਮਾਹੌਲ ਦੇ ਮੱਦੇਨਜ਼ਰ ਔਰਤਾਂ ਦੀ ਰੋਜ਼ੀ-ਰੋਟੀ ਨੂੰ ਬਰਕਰਾਰ ਰੱਖਣ ਦੀ ਇਹ ਲੜਾਈ ਹੈ। ਇਹ ਬਹੁਤ ਜ਼ਿਆਦਾ ਔਖਾ ਅਤੇ ਚੁਣੌਤੀਪੂਰਨ ਕੰਮ ਹੈ। ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ ਦੀ ਰਿਪੋਰਟ ਅਨੁਸਾਰ ਔਰਤਾਂਮੁੱਖ-ਮੁਖੀ ਪੇਂਡੂ ਪਰਿਵਾਰ ਜਲਵਾਯੂ ਪਰਿਵਰਤਨ ਦੇ ਝਟਕਿਆਂ ਤੋਂ ਅਸਪਸ਼ਟ ਤੌਰ 'ਤੇ ਪ੍ਰਭਾਵਿਤ ਹੁੰਦੇ ਹਨ। ਇੱਕ-ਡਿਗਰੀ ਵਾਰਮਿੰਗ ਦਾ ਮਤਲਬ ਹੈ ਕਿ ਮਰਦ-ਮੁਖੀ ਪਰਿਵਾਰਾਂ ਦੀ ਤੁਲਨਾ ਵਿੱਚ ਮਰਦ-ਮੁਖੀ ਪਰਿਵਾਰਾਂ ਦੀ ਆਮਦਨ ਵਿੱਚ 34 ਪ੍ਰਤੀਸ਼ਤ ਦੀ ਗਿਰਾਵਟ ਇਸ ਬਾਰੇ ਮਹੱਤਵਪੂਰਨ ਸਵਾਲ ਉਠਾਉਂਦੀ ਹੈ ਕਿ ਕੀ ਰਾਸ਼ਟਰੀ ਜਲਵਾਯੂ ਯੋਜਨਾਵਾਂ, ਇਸ ਵਿਸ਼ਵਵਿਆਪੀ ਤਬਦੀਲੀ ਦੇ ਮੱਦੇਨਜ਼ਰ, ਇਹਨਾਂ ਸਭ ਤੋਂ ਵੱਧ ਸਮਰਥਨ ਕਰਨ ਲਈ ਠੋਸ ਸਾਧਨਾਂ ਦੀ ਘਾਟ ਹੈ। ਜੋਖਮ ਵਾਲੇ ਭਾਈਚਾਰਿਆਂ ਵਿੱਚ ਕਾਰਵਾਈ ਦੀ ਕਮੀ ਕਿਉਂ ਹੈ? ਜਲਵਾਯੂ ਪਰਿਵਰਤਨ ਨੀਤੀ ਬਣਾਉਣ ਵਿੱਚ ਔਰਤਾਂ ਦੀ ਅਕਸਰ ਘੱਟ ਨੁਮਾਇੰਦਗੀ ਕਿਉਂ ਕੀਤੀ ਜਾਂਦੀ ਹੈ?

, ਪੇਂਡੂਲੋਕਾਂ 'ਤੇ ਜਲਵਾਯੂ ਪਰਿਵਰਤਨ ਦੇ ਅਸਮਾਨ ਪ੍ਰਭਾਵਾਂ ਨੂੰ ਸੰਬੋਧਿਤ ਕਰਨ ਵਿੱਚ ਅਸਫਲਤਾ ਅਮੀਰ ਅਤੇ ਗਰੀਬ ਅਤੇ ਪੁਰਸ਼ਾਂ ਅਤੇ ਔਰਤਾਂ ਵਿਚਕਾਰ ਪਹਿਲਾਂ ਹੀ ਵੱਡੇ ਪਾੜੇ ਨੂੰ ਵਧਾ ਦੇਵੇਗੀ। ਘੱਟ ਅਤੇ ਮੱਧ-ਆਮਦਨੀ ਵਾਲੇ ਦੇਸ਼ਾਂ ਵਿੱਚ ਪੇਂਡੂ ਅਤੇ ਔਰਤਾਂ ਦੀ ਅਗਵਾਈ ਵਾਲੇ ਪਰਿਵਾਰਾਂ ਨੂੰ ਪਹਿਲਾਂ ਹੀ ਆਫ਼ਤ ਆਉਣ 'ਤੇ ਮਰਦਾਂ ਨਾਲੋਂ ਵਧੇਰੇ ਵਿੱਤੀ ਬੋਝ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਕਰ ਇਹ ਮਹੱਤਵਪੂਰਨ ਮੌਜੂਦਾ ਤਨਖ਼ਾਹ ਦੇ ਪਾੜੇ ਨੂੰ ਹੱਲ ਨਹੀਂ ਕੀਤਾ ਜਾਂਦਾ ਹੈ, ਤਾਂ ਇਹ ਪਾੜਾ ਹੋਰ ਵਧ ਜਾਵੇਗਾ। ਵਿਗਿਆਨੀਆਂ ਦਾ ਅੰਦਾਜ਼ਾ ਹੈ ਕਿ ਮੌਜੂਦਾ ਗਲੋਬਲ ਤਾਪਮਾਨ 1800 ਦੇ ਦਹਾਕੇ ਦੇ ਅਖੀਰ ਵਿੱਚ ਤੁਲਨਾਤਮਕ ਹੈ।, ਅਮਰੀਕਾ ਵਿੱਚ ਕੁੱਲ ਮਿਲਾ ਕੇ ਲਗਭਗ 1.2º ਵੱਧ ਹੈ, ਜਿਸ ਨਾਲ ਵਿਨਾਸ਼ਕਾਰੀ ਮੌਸਮ ਜਿਵੇਂ ਕਿ ਹੜ੍ਹ, ਤੂਫ਼ਾਨ ਅਤੇ ਗਰਮੀ ਦੀਆਂ ਲਹਿਰਾਂ ਦੀ ਬਾਰੰਬਾਰਤਾ ਵਧ ਜਾਂਦੀ ਹੈ। ਨੇ ਕਿਹਾ ਕਿ ਔਰਤਾਂ ਮਰਦਾਂ ਦੇ ਮੁਕਾਬਲੇ ਜਲਵਾਯੂ ਪਰਿਵਰਤਨ ਲਈ ਵਧੇਰੇ ਕਮਜ਼ੋਰ ਹਨ ਕਿਉਂਕਿ ਸਮਾਜਿਕ ਢਾਂਚੇ ਅਤੇ ਵਿਤਕਰੇ ਵਾਲੇ ਨਿਯਮ ਵਧੇਰੇ ਡੂੰਘੇ ਹਨ। ਉਨ੍ਹਾਂ ਨਾਲ ਲੜਨਾ ਆਸਾਨ ਨਹੀਂ ਹੈ। ਵਾਸਤਵ ਵਿੱਚ, ਪੇਂਡੂ ਖੇਤਰਾਂ ਵਿੱਚ ਗਰੀਬ ਪਰਿਵਾਰਾਂ ਕੋਲ ਸਾਧਨਾਂ, ਸੇਵਾਵਾਂ ਅਤੇ ਨੌਕਰੀਆਂ ਤੱਕ ਸੀਮਤ ਪਹੁੰਚ ਹੈ, ਜਿਸ ਕਾਰਨ ਉਹਨਾਂ ਲਈ ਜਲਵਾਯੂ ਤਬਦੀਲੀ ਨਾਲ ਸਿੱਝਣਾ ਮੁਸ਼ਕਲ ਹੋ ਸਕਦਾ ਹੈ। ਔਸਤ,ਗਰਮੀ ਕਾਰਨ ਉਹ ਅਮੀਰ ਪਰਿਵਾਰਾਂ ਨਾਲੋਂ ਪੰਜ ਫੀਸਦੀ ਵੱਧ ਆਮਦਨ ਗੁਆ ਬੈਠਦੇ ਹਨ ਅਤੇ ਹੜ੍ਹਾਂ ਕਾਰਨ ਉਹ ਚਾਰ ਫੀਸਦੀ ਵੱਧ ਆਮਦਨ ਗੁਆ ਦਿੰਦੇ ਹਨ। ਔਰਤਾਂ ਦੁਆਰਾ ਚਲਾਏ ਜਾਣ ਵਾਲੇ ਘਰ ਇਸ ਤੋਂ ਵੀ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ।

ਮਰਦਾਂ ਦੀ ਅਗਵਾਈ ਵਾਲੇ ਪਰਿਵਾਰਾਂ ਦੇ ਮੁਕਾਬਲੇ ਉਨ੍ਹਾਂ ਦੀ ਆਮਦਨ ਅੱਤ ਦੀ ਗਰਮੀ ਕਾਰਨ ਲਗਭਗ ਅੱਠ ਫੀਸਦੀ ਜ਼ਿਆਦਾ ਅਤੇ ਹੜ੍ਹਾਂ ਕਾਰਨ ਤਿੰਨ ਫੀਸਦੀ ਜ਼ਿਆਦਾ ਹੈ। ਇਹ ਰਿਪੋਰਟ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਅਸੀਂ ਪੇਂਡੂ ਔਰਤਾਂ ਨੂੰ ਜਲਵਾਯੂ ਤਬਦੀਲੀ ਤੋਂ ਕਿਵੇਂ ਬਚਾ ਸਕਦੇ ਹਾਂ? ਵੱਡਾ ਸਵਾਲ ਇਹ ਹੈ ਕਿ ਕੀ ਅਸੀਂ ਆਪਣੇ ਆਪ ਨੂੰ ਬਿਲਕੁਲ ਵੀ ਸੁਰੱਖਿਅਤ ਕਰ ਸਕਾਂਗੇ।ਨਹੀਂ? ਜੇਕਰ ਉਹ ਅਜਿਹਾ ਨਹੀਂ ਕਰ ਸਕੇ ਤਾਂ ਇਨ੍ਹਾਂ ਔਰਤਾਂ ਦਾ ਭਵਿੱਖ ਕੀ ਹੋਵੇਗਾ? ਇਹਨਾਂ ਹਿੱਸੇਦਾਰਾਂ ਵਿੱਚੋਂ ਹਰੇਕ ਨੂੰ ਆਪੋ-ਆਪਣੇ ਖੇਤਰਾਂ ਵਿੱਚ ਅਗਵਾਈ ਕਰਨੀ ਚਾਹੀਦੀ ਹੈ ਅਤੇ ਔਰਤਾਂ ਦੀਆਂ ਲੋੜਾਂ ਅਤੇ ਤਜ਼ਰਬਿਆਂ ਦੇ ਪ੍ਰਤੀ ਸੰਵੇਦਨਸ਼ੀਲ ਯਤਨਾਂ ਰਾਹੀਂ ਸਾਂਝੇਦਾਰੀ ਬਣਾਉਣ ਅਤੇ ਸਹਿਯੋਗ ਨੂੰ ਵਧਾਉਣ ਲਈ ਖੇਤਰਾਂ ਵਿੱਚ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਯੋਗਤਾ ਅਤੇ ਸੰਭਾਵਨਾਵਾਂ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਸਥਾਨਕ ਪੱਧਰਾਂ ਵਿਚਕਾਰ ਵੱਧ ਤੋਂ ਵੱਧ ਆਪਸੀ ਤਾਲਮੇਲ ਜ਼ਰੂਰੀ ਹੈ, ਪਰ ਇਹ ਪਛਾਣਨਾ ਵੀ ਮਹੱਤਵਪੂਰਨ ਹੈ ਕਿ ਸਿਰਫ਼ ਮੌਜੂਦਗੀ ਹੀ ਔਰਤਾਂ ਦੇ ਅਨੁਭਵ ਦੀ ਗਾਰੰਟੀ ਨਹੀਂ ਦਿੰਦੀ।ਅਤੇ ਲੀਡਰਸ਼ਿਪ ਨੂੰ ਜਲਵਾਯੂ ਪਰਿਵਰਤਨ ਨੀਤੀਆਂ ਵਿੱਚ ਜੋੜਿਆ ਜਾਵੇਗਾ। ਜਲਵਾਯੂ ਪਰਿਵਰਤਨ ਨਾਲ ਸਬੰਧਤ ਫੈਸਲੇ ਲੈਣ ਦੇ ਉੱਚ ਪੱਧਰਾਂ 'ਤੇ ਔਰਤਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਜ਼ਰੂਰੀ ਹੈ। ਉਨ੍ਹਾਂ ਨੂੰ ਰਾਸ਼ਟਰੀ ਅਤੇ ਪਿੰਡ ਪੱਧਰ 'ਤੇ ਵੀ ਅਗਵਾਈ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਸ਼ਹਿਰੀ ਔਰਤਾਂ ਵਾਂਗ ਪੇਂਡੂ ਔਰਤਾਂ ਦੇ ਨਜ਼ਰੀਏ ਅਤੇ ਪਹਿਲਕਦਮੀਆਂ ਨੂੰ ਅੱਗੇ ਲਿਆਉਣ ਦੀ ਲੋੜ ਹੈ।

ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ ਮਲੋਟ

# ਖੇਡਾਂ ਵਤਨ ਪੰਜਾਬ ਦੀਆਂ-2024 : ਬਲਾਕ ਪੱਧਰੀ ਖੇਡਾਂ 31 ਅਗਸਤ ਤੋਂ ਸ਼ੁਰੂ

ਫਰੀਦਕੋਟ, 25 ਅਗਸਤ (ਗਿਆਨ ਸਿੰਘ): ਪੰਜਾਬ ਸਰਕਾਰ ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ 2024 ਤਹਿਤ ਬਲਾਕ ਪੱਧਰੀ ਖੇਡਾਂ ਜ਼ਿਲ੍ਹਾ ਫਰੀਦਕੋਟ ਦੇ ਵੱਖ-ਵੱਖ ਬਲਾਕਾਂ ਵਿੱਚ ਜ਼ਿਲ੍ਹਾ ਪ੍ਰਸ਼ਾਸ਼ਨ ਫਰੀਦਕੋਟ ਦੇ ਸਹਿਯੋਗ ਨਾਲ ਮਿਤੀ 31-08-2024 ਤੋਂ ਸ਼ੁਰੂ ਹੋ ਰਹੀਆਂ ਹਨ। ਇਹ ਜਾਣਕਾਰੀ ਦਿੰਦਿਆਂ ਬਲਜਿੰਦਰ ਸਿੰਘ ਜ਼ਿਲ੍ਹਾ ਖੇਡ ਅਫਸਰ ਫਰੀਦਕੋਟ ਨੇ ਦੱਸਿਆ ਕਿ ਖੇਡਾਂ ਵਤਨ ਪੰਜਾਬ ਦੀਆਂ ਅਧੀਨ ਹੋ ਰਹੀਆਂ ਬਲਾਕ ਜ਼ਿਲ੍ਹਾ ਅਤੇ ਰਾਜ ਪੱਧਰ ਖੇਡਾਂ ਦੀ ਓਪਨਿੰਗ ਮਿਤੀ 29-08-2024 ਨੂੰ ਸੰਗਰੂਰ ਵਿਖੇ ਹੋ ਰਹੀ ਹੈ ਅਤੇ ਇਸਤੋਂ ਪਹਿਲਾਂ ਜ਼ਿਲ੍ਹਿਵਾਰ ਟਾਰਚ ਰਿਲੇਅ ਪ੍ਰੋਗਰਾਮ ਵਿਭਾਗ ਵੱਲੋਂ ਉਲੀਕਿਆ ਗਿਆ ਹੈ। ਮਿਤੀ 27-08-2024 ਨੂੰ ਇਹ ਓਲੰਪਿਕ ਟਾਰਚ ਜ਼ਿਲ੍ਹਾ ਬਰਨਾਲਾ ਵੱਲੋਂ ਫ਼ਰੀਦਕੋਟ ਵਿਖੇ ਪਹੁੰਚਾਈ ਜਾਵੇਗੀ ਅਤੇ ਫ਼ਰੀਦਕੋਟ ਵੱਲੋਂ ਅੱਗੇ ਫਾਜ਼ਲਿਕਾ ਜਿਲ੍ਹੇ ਦੇ ਸਪੁਰਦ ਕੀਤੀ ਜਾਵੇਗੀ ਉਨ੍ਹਾ ਦੱਸਿਆ ਕਿ ਬਲਾਕ ਪੱਧਰੀ ਖੇਡਾਂ ਵਿੱਚ ਫੁੱਟਬਾਲ, ਐਥਲੈਟਿਕਸ, ਵਾਲੀਬਾਲ (ਸ਼ੂਟਿੰਗ), ਵਾਲੀਬਾਲ (ਸਮੈਸ਼ੰਗਿ), ਕਬੱਡੀ (ਨੈਸ਼ਨਲ), ਕਬੱਡੀ (ਸਰਕਲ), ਅਤੇ ਖੋਹ-ਖੋਹ ਗੇਮਾਂ ਦੇ ਮੁਕਾਬਲੇ ਕਰਵਾਏ ਜਾਣਗੇ। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਬਲਾਕ ਫਰੀਦਕੋਟ, ਬਲਾਕ ਕੋਟਕਪੂਰਾ ਅਤੇ ਬਲਾਕ ਜੈਤੋ ਦੀਆਂ ਖੇਡਾਂ ਮਿਤੀ 31-08-2024 ਤੋਂ 02-09-2024 ਤੱਕ ਕਰਵਾਈਆਂ ਜਾਣਗੀਆਂ। ਜਿਸ ਵਿੱਚ ਬਲਾਕ ਫਰੀਦਕੋਟ ਦੀਆਂ ਖੇਡਾਂ ਨਹਿਰੂ ਸਟੇਡੀਅਮ ਫਰੀਦਕੋਟ ਵਿਖੇ ਬਲਾਕ ਕੋਟਕਪੁਰਾ ਦੀਆਂ ਖੇਡਾਂ ਪਿੰਡ ਹਰੀ ਨੌਂ ਵਿਖੇ ਅਤੇ ਬਲਾਕ ਜੈਤੋ ਦੀਆਂ ਖੇਡਾਂ ਮਿਤੀ ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਜੈਤੋ ਵਿਖੇ ਕਰਵਾਈਆਂ ਜਾਣਗੀਆਂ।

ਇਨ੍ਹਾਂ ਖੇਡਾਂ ਵਿੱਚ ਵੱਖ-ਵੱਖ ਗੇਮਾਂ ਦੇ ਵੱਖ-ਵੱਖ ਏਜ ਗਰੁੱਪ ਰੱਖੇ ਗਏ ਹਨ ਜਿਨ੍ਹਾ ਵਿੱਚ ਅੰਡਰ 14, 17, 21, 21 ਤੋਂ 30 ਸਾਲ, 31 ਤੋਂ 40 ਸਾਲ, 41 ਤੋਂ 50 ਸਾਲ, 51 ਤੋਂ 60 ਸਾਲ, 61-70 ਅਤੇ 70 ਤੋਂ ਉੱਪਰ ਸਾਲ ਤੋਂ ਉੱਪਰ ਦੇ ਖਿਡਾਰੀਆਂ ਦੇ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡਾਂ ਲਈ ਰਜਿਸਟ੍ਰੇਸ਼ਨ ਕਰਨ ਲਈ ਲਾਗਿਨ ਕੀਤਾ ਜਾ ਸਕਦਾ ਹੈ। ਟੀਮ ਗੇਮਾਂ ਲਈ ਰਜਿਸਟ੍ਰੇਸ਼ਨ ਕਰਨ ਸਮੇਂ ਪੂਰੀ ਟੀਮ ਦੀ ਰਜਿਸਟ੍ਰੇਸ਼ਨ ਕੇਵਲ ਇੱਕੋ ਹੀ ਆਈਡੀ ਵਿਚੋਂ ਹੋਣੀ ਚਾਹੀਦੀ ਹੈ, ਅਧੂਰੀ ਟੀਮ ਦੀ ਐਂਟਰੀ ਸਵੀਕਾਰ ਨਹੀਂ ਕੀਤੀ ਜਾਵੇਗੀ।

ਇਨ੍ਹਾਂ ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀ ਦਾ ਜਨਮ ਅੰਡਰ 14 ਲਈ 01-01-2011 ਤੋਂ ਬਾਅਦ, ਅੰਡਰ 17 ਲਈ 01-01-2008 ਤੋਂ ਬਾਅਦ, ਅੰਡਰ 21 ਲਈ 01-01-2004 ਤੋਂ ਬਾਅਦ, 21 ਤੋਂ 30 ਸਾਲ ਲਈ 01-01-1994 ਤੋਂ 31-12-2003 ਤੱਕ, 31 ਤੋਂ 40 ਸਾਲ ਲਈ ਮਿਤੀ 01-01-1984 ਤੋਂ 31-12-1993 ਤੱਕ 41 ਤੋਂ 50 ਸਾਲ ਲਈ ਮਿਤੀ 01-01-1974 ਤੋਂ 31-12-1983 ਤੱਕ, 51 ਤੋਂ 60 ਸਾਲ ਲਈ ਮਿਤੀ 01-01-1964 ਤੋ 31-12-1973 ਤੱਕ 61-70 ਸਾਲ ਲਈ 01-01-1954 ਤੋਂ 31-12-1963 ਤੱਕ ਅਤੇ 70 ਤੋਂ ਉੱਪਰ ਦੇ ਉਮਰ ਵਰਗ ਲਈ 31-12-1953 ਜਾਂ ਉਸਤੋਂ ਪਹਿਲਾਂ ਦਾ ਹੋਣਾ ਚਾਹੀਦਾ ਹੈ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡਾਂ ਵਿੱਚ ਭਾਗ ਲੈਣ ਵਾਲਾ ਖਿਡਾਰੀ ਪੰਜਾਬ ਦਾ ਵਸਨੀਕ ਜਾਂ ਪੰਜਾਬ ਦੇ ਕਿਸੇ ਵਿਦਿਅਕ ਅਦਾਰੇ ਵਿੱਚ ਪੜ੍ਹਦਾ ਹੋਣਾ ਚਾਹੀਦਾ ਹੈ ਜਿਸਦੇ ਸਬੰਧ ਵਿੱਚ ਖਿਡਾਰੀ ਕੋਲ ਰਿਹਾਇਸ਼ੀ ਸਰਟੀਫਿਕੇਟ ਜਾਂ ਸਕੂਲ ਦਾ ਆਈਡੀ ਕਾਰਡ ਹੋਣਾ ਚਾਹੀਦਾ ਹੈ। ਇੱਕ ਖਿਡਾਰੀ ਆਪਣੀ ਉਮਰ ਮੁਤਾਬਿਕ ਇੱਕ ਹੀ ਉਮਰ ਵਰਗ ਵਿੱਚ ਭਾਗ ਲੈ ਸਕਦਾ ਹੈ ਅਤੇ ਉਹ ਵਿਅਕਤੀਗਤ ਖੇਡ ਦੇ ਵੱਧ ਤੋਂ ਵੱਧ 2 ਈਵੈਂਟਾਂ ਵਿੱਚ ਭਾਗ ਲੈ ਸਕਦਾ ਹੈ। ਇਨ੍ਹਾਂ ਖੇਡਾਂ ਵਿੱਚ ਸਾਰੇ ਸਕੂਲ, ਪਿੰਡ, ਰਜਿਸਟਰਡ ਯੂਥ ਕਲੱਬ ਅਤੇ ਰਜਿਸਟਰਡ ਅਕੈਡਮੀਆਂ ਹਿੱਸਾ ਲੈ ਸਕਦੇ ਹਨ। ਖਿਡਾਰੀਆਂ, ਟੀਮਾਂ ਨੂੰ ਆਉਣ-ਜਾਣ ਲਈ ਕੋਈ ਸਫਰੀ ਭੱਤਾ ਮਿਲਣਯੋਗ ਨਹੀਂ ਹੈ।

WE PROVIDE RESIDENTIAL REAL ESTATE APPRAISAL SERVICES FOR:



- Mortgage Financing
- Tax/Capital Gain
- Divorce/Separation of Assets
- Litigation Support
- Pre-listing Appraisals

Gurpreet Purba
Broker, CRA
416-669-1423
www.purbahomes.com

LOCAL & LONG DISTANCE MOVING

# H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

**Call: 416.524.6704**
**www.hkmovers.ca**

2023 ThreeBest Rated Certificate OF EXCELLENCE THREE BEST RATED

SAFE, RELIABLE AND EFFICIENT SERVICE AT THE BEST RATES

---

The Mortgage Centre
We work for you, not the lenders.




| Debt Consolidation | Renovations & Repairs | Avoiding High penalities |
|---|---|---|

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:

Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
The Mortgage Centre -4040 Steeles Avenue West Unit#5 Woodbridge, ON, L4L 4Y5

**Rexdale Financial Services**

---

## Urgently Need New Listings in Brampton/Caledon

visit: www.teamjagaujla.com



Call **JAG AUJLA**
MCNE, REAL ESTATE BROKER
DIR: 416-371-7777
j.aujla@rogers.com www.jagaujla.com

**CALL JAG FOR A QUICK & FREE HOME EVALUATION**
www BramptonTopRealtor.com www BramptonTopAgent.com

**URGENTLY NEED NEW LISTINGS IN THIS AREA**

**RECENTLY LISTED/SOLD IN YOUR NEIGHBOURHOOD BY JAG AUJLA**

### LISTED IN *BRAMPTON*
TORBRAM/ FATHER TOBIN/MOUNTAINASH




1500–2000 sq.ft.
Front Brick and Stone
3+1 ਬੈਡਰੂਮ + 3 ਵਾਸ਼ਰੂਮ, ਫਰੀਹੋਲਡ ਟਾਊਨ ਹਾਊਸ, ਓਕ ਸਟੇਅਰਕੇਸ, ਹਾਰਡਵੁੱਡ ਅਤੇ ਸੀਰਾਮਿਕ ਫਲੋਰ, ਸ਼ਾਨਦਾਰ ਕਿਚਨ ਮਾਸਟਰ ਬੈਡਰੂਮ ਵਿਚ 5 ਪੀਸ ਇਨਸੂਇਟ ਅਤੇ ਵਾਕ ਇਨ ਕਲੋਜ਼ਿਟ, ਨਿਊਂ ਅਪਲਾਂਇਸਿਸ

### LISTED IN *BRAMPTON*
BRAMALEA/ SANDALWOOD/DEWSIDE




2000–2500 sq.ft. ਟਾਊਨ ਹਾਊਸ
4+1 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Partially ਫਿਨੀਸ਼ਡ ਬੇਸਮੇਂਟ ਵਿੱਚ ਵਾਇਨਲ ਫਲੋਰ।
Master ਬੈਡਰੂਮ ਵਿੱਚ 5 ਪੀਸ ਇਨਸੂਇਟ ਅਤੇ His & Her ਕਲੋਜ਼ਿਟ, Laundary ਮੇਨ ਫਲੋਰ ਤੇ। ਅੱਪਗਰੇਡਿਡ Lights.
ਸਹੂਲਤਾਂ ਦੇ ਬਹੁਤ ਨੇੜੇ।

### LISTED IN *MISSISSAUGA*
BURNHAMTHORPE/CONFEDERATION




900–999 sq.ft. ਲੇਕ ਵਿਊ
2 ਬੈਡਰੂਮ + 1 ਵਾਸ਼ਰੂਮ
ਵੱਡੀਆਂ ਕੀਚਨ ਕੈਬਨਿਟ, ਨਵਾਂ ਪੇਂਟ, ਨਵੇਂ ਲੈਮੀਨੇਟ ਫਲੋਰ, ਬਹੁਤ ਖੁਲੀ ਬਾਲਕੋਨੀ,
2 ਪਾਰਕਿੰਗ (ਲਿਫਟ ਦੇ ਬਿਲਕੁੱਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ- Square One + Celebration Square, Grand Park Plaza, Sheridan College Campus.

### LISTED IN *CAMBRIDGE*
SPEEDSVILLE RD/ EQUESTRAIN WAY/MAPLE GROVE




1500–2000 sq.ft. ਟਾਊਨ ਹਾਊਸ
4 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Upgraded ਕੀਚਨ,
Stainless Steel Appliacnes
ਬੈਡਰੂਮ ਵਿੱਚ 4 ਪੀਸ ਇਨਸੂਇਟ ਅਤੇ Walk-in ਕਲੋਜ਼ਿਟ,
Laundary ਮੇਨ ਫਲੋਰ ਤੇ।
ਅੱਪਗਰੇਡਿਡ Lights.
ਸਹੂਲਤਾਂ ਦੇ ਬਹੁਤ ਨੇੜੇ।

## FREE

- ✓ Full MLS Services
- ✓ Consistently Marketing Your Property Until SOLD
- ✓ Competitive Rates, Exceptional Service & Award Winning Results
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Remax Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call **JAG AUJLA** DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022


2024 TOUR • 180+ SHOWS •
12 FABULOUS LOCATIONS • CANADA & USA
ROYAL CANADIAN
International
CIRCUS
UNDER THE BIG TOP
6 GTA LOCATIONS
June 27 - Sept 2
2 for 1
GENERAL ADMISSION TICKETS DISCOUNT
PROMO CODE:
PUNJABI
ROYALCANADIANCIRCUS.CA